# ਸਰਕਾਰੀ ਰਿਪੁਦਮਨ ਕਾਲਜ

NAAC ਮਾਨਤਾ ਪ੍ਰਾਪਤ (ਚੱਕਰ-3) ਗਰੇਡ B+

(ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੰਧਿਤ)

NULLI SECUNDUS

ESTD. 1946

# GOVT. RIPUDAMAN COLLEGE, NABHA

NAAC ACCREDITED (CYCLE-3) GRADE B+

(AFFILIATED TO PUNJABI UNIVERSITY, PATIALA)

# Prospectus

## 2025-2026











**Contact Us**

Address
Government Ripudaman College, Nabha, Punjab

Phone
01765-222914

E-mail
gcripudamannabha@gmail.com

## ABOUT THE COLLEGE

# ਸਰਕਾਰੀ ਰਿਪੁਦਮਨ ਕਾਲਜ, ਨਾਭਾ

## ਮਹਾਰਾਜਾ ਰਿਪੁਦਮਨ ਸਿੰਘ



ਮਹਾਰਾਜਾ ਰਿਪੁਦਮਨ ਸਿੰਘ 4 ਮਾਰਚ 1883 ਨੂੰ ਨਾਭਾ ਵਿੱਚ ਪੈਦਾ ਹੋਏ, ਜੋ ਮਹਾਰਾਜਾ ਹੀਰਾ ਸਿੰਘ ਜੀ ਦੇ ਇਕਲੌਤੇ ਪੁੱਤਰ ਸਨ। ਆਪਣੀ 1906 ਤੋਂ 1908 ਦੀ Imperial Legislative Council ਦੀ ਮੈਂਬਰਸ਼ਿਪ ਦੌਰਾਨ ਉਨ੍ਹਾਂ ਸਿੱਖਾਂ ਦੇ ਹਿੱਤਾਂ ਦੀ ਪਹਿਲ ਕੀਤੀ ਅਤੇ Reformist Legislation ਦੀ ਭੂਮਿਕਾ ਬੰਨੀ। ਇਸੇ ਤਰਾਂ ਉਨ੍ਹਾਂ 1911 ਵਿੱਚ George V ਦੀ ਤਾਜਪੋਸ਼ੀ ਵਿੱਚ ਵੀ ਨਾਭਾ ਰਿਆਸਤ ਵੱਲੋਂ ਸ਼ਿਰਕਤ ਕੀਤੀ। 1906 ਵਿੱਚ ਉਨ੍ਹਾਂ ਆਨੰਦ ਮੈਰਿਜ ਐਕਟ ਭਾਈ ਕਾਹਨ ਸਿੰਘ ਪਾਸੋਂ ਲਿਖਵਾਇਆ, ਜੋ 1909 ਤੋਂ 1949 ਤੱਕ ਲਾਗੂ ਰਿਹਾ।

ਆਪਣੇ ਪਿਤਾ ਜੀ ਦੇ 1911 ਵਿੱਚ ਅਕਾਲ ਚਲਾਣਾ ਕਰਨ ਉਪਰੰਤ ਨਾਭਾ ਰਿਆਸਤ ਦੀ ਵਾਗਡੋਰ ਸੰਭਾਲਦਿਆਂ ਉਨ੍ਹਾਂ ਰਿਆਸਤ ਦੀ ਨਿਆਂ ਪਾਲਿਕਾ ਵਿੱਚ ਕਈ ਸੁਧਾਰ ਕੀਤੇ ਅਤੇ ਕਈ ਅਗਾਂਹ ਵਧੂ ਕਾਨੂੰਨ ਬਣਾਏ। 1923 ਵਿੱਚ ਆਪ ਜੀ ਦੀ ਵਤਨ ਪ੍ਰਸਤੀ ਕਾਰਨ ਅੰਗਰੇਜ਼ਾਂ ਵੱਲੋਂ ਆਪ ਜੀ ਤੋਂ ਨਾਭਾ ਰਿਆਸਤ ਦਾ ਸ਼ਾਸ਼ਨ ਹਥਿਆ ਲਿਆ ਗਿਆ ਅਤੇ ਆਪ ਜੀ ਨੂੰ ਕੋਡਾਈਕਨਾਲ (ਮਦਰਾਸ) ਵਿੱਚ ਬਨਵਾਸ ਭੇਜ ਦਿੱਤਾ, ਜਿੱਥੇ 59 ਸਾਲ ਦੀ ਉਮਰ ਵਿੱਚ ਉਨਾਂ ਦਾ 12 ਦਸੰਬਰ 1942 ਨੂੰ ਦਿਹਾਂਤ ਹੋ ਗਿਆ।

*ਸਰੋਤ Wikipeadia ਅਤੇ Hindustan Times

ਮਹਾਨ ਦੇਸ਼ ਭਗਤ ਮਹਾਰਾਜਾ ਰਿਪੁਦਮਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਸ ਕਾਲਜ ਦੀ ਸਥਾਪਨਾ 1946 ਈ: ਵਿੱਚ ਹੋਈ। ਕਿਸੇ ਸਮੇਂ ਇਹ ਮਹਾਰਾਜਾ ਰਿਪੁਦਮਨ ਸਿੰਘ ਜੀ ਦੇ ਪਿਤਾ ਮਹਾਰਾਜਾ ਹੀਰਾ ਸਿੰਘ ਜੀ ਦਾ ਗਰਮੀਆਂ ਦਾ ਰਿਹਾਇਸ਼ੀ ਮਹਿਲ ਹੁੰਦਾ ਸੀ, ਜਿਸ ਨੂੰ 'ਪੱਕਾ ਬਾਗ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਸਮੇਂ ਮੇਨ ਬਿਲਡਿੰਗ ਤੋਂ ਇਲਾਵਾ ਦੋ ਸਾਇੰਸ ਬਲਾਕ, ਕਮੱਰਸ ਬਲਾਕ, ਲਾਇਬ੍ਰੇਰੀ ਬਿਲਡਿੰਗ, ਨਵਾਂ ਮਹਾਰਾਣੀ ਗੁਰਚਰਨ ਕੌਰ ਬਲਾਕ (ਆਰਟਸ ਬਲਾਕ), ਕਾਨਫਰੰਸ ਰੂਮ ਅਤੇ ਸਟਾਫ ਰੂਮ ਕੈਂਪਸ ਦੇ ਮੁੱਖ ਆਕਰਸ਼ਨ ਹਨ। ਇਸ ਕਾਲਜ ਵਿੱਚ ਸ਼ਾਨਦਾਰ ਥਿਏਟਰ, ਖੁੱਲਾ ਹਵਾਦਾਰ ਰੀਡਿੰਗ ਰੂਮ ਅਤੇ ਵੱਖੋ-ਵੱਖ ਲੈਬੋਰੇਟਰੀਆਂ ਹਨ। ਖੁੱਲਾ ਸ਼ਾਨਦਾਰ ਕਾਲਜ ਸਟੇਡੀਅਮ ਅਤੇ ਨਾਲ ਲਗਦਾ ਮਿੰਨੀ ਖੇਡ ਮੈਦਾਨ (ਜਿਸ ਵਿੱਚ ਲਗਭੱਗ ਸਭ ਖੇਡਾਂ ਦਾ ਪ੍ਰਬੰਧ ਹੈ) ਜਿਮਨੇਜ਼ੀਅਮ, ਬਾਕਸਿੰਗ ਰਿੰਗ ਆਦਿ ਕਾਲਜ ਦੀਆਂ ਵਿਸ਼ੇਸ਼ਤਾਵਾਂ ਹਨ।

ਕਾਲਜ ਦਾ Insignia ਘੋੜਾ ਅਤੇ ਸ਼ੇਰ ਚੁਸਤੀ ਫੁਰਤੀ ਅਤੇ ਤਾਕਤ ਦੇ ਪ੍ਰਤੀਕ ਹਨ। Insignia ਦੇ ਹੇਠਾਂ ਲਿਖੇ Nuli Secondus ਦਾ ਅਰਥ ਹੈ ਕਦੇ ਵੀ ਦੂਸਰੇ ਸਥਾਨ ਤੇ ਨਹੀਂ।

ਕਾਲਜ ਕੈਂਪਸ ਵੱਖ-ਵੱਖ ਕਿਸਮਾਂ ਦੇ ਦਰੱਖਤਾਂ ਨਾਲ ਸ਼ਿੰਗਾਰਿਆਂ ਹੋਇਆ ਹੈ, ਜਿਸ ਵਿੱਚ 10 ਖੁੱਲੇ ਪਾਰਕ, ਖੁੱਲੀ ਪਾਰਕਿੰਗ ਸੁਵਿਧਾ, ਕੰਨਟੀਨ, ਐਜੂਸੈੱਟ, 21 ਵਿਭਾਗ, 35 ਕਲਾਸ ਰੂਮ, ਪਖਾਨੇ ਅਤੇ ਨਵਾਂ ਬਣਾਇਆ ਸੈਮੀਨਾਰ ਰੂਮ ਹੈ।

ਇਹ ਕਾਲਜ ਇੱਕ ਸਹਿ-ਸਿੱਖਿਆ (Co-Education) ਵਾਲੀ ਸੰਸਥਾ ਹੈ, ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਡ ਹੈ ਅਤੇ ਜਿਸ ਨੂੰ NAAC ਵੱਲੋਂ B+ ਗਰੇਡ ਪ੍ਰਾਪਤ ਕਰਨ ਦਾ ਮਾਣ ਹੈ। ਇਹ ਆਲੇ-ਦੁਆਲੇ ਦੇ ਇਲਾਕੇ ਵਿੱਚ ਉਚੇਰੀ ਸਿੱਖਿਆ ਦਾ ਇੱਕੋ-ਇੱਕ ਸਰਕਾਰੀ ਕਾਲਜ ਹੈ, ਜੋ ਕਿ ਪੇਂਡੂ ਅਤੇ ਸ਼ਹਿਰੀ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ। ਤਜਰਬੇਕਾਰ ਅਧਿਆਪਕਾਂ ਦੀਆਂ ਸੇਵਾਵਾਂ ਸਹਿਤ ਇਸ ਕਾਲਜ ਵਿੱਚ ਬੈਚੂਲਰ ਆਫ ਸਾਇੰਸ, ਬੈਚੂਲਰ ਆਫ ਆਰਟਸ, ਬੈਚੂਲਰ ਆਫ ਕਮੱਰਸ, ਬੈਚੂਲਰ ਆਫ ਕੰਮਪਿਊਟਰ ਐਪਲੀਕੇਸ਼ਨ, ਪੀ.ਜੀ.ਡੀ.ਸੀ.ਏ. ਤੋਂ ਇਲਾਵਾ ਰਾਜਨੀਤੀ ਸ਼ਾਸਤਰ, ਅੰਗਰੇਜ਼ੀ ਅਤੇ ਅਰਥ ਸ਼ਾਸਤਰ ਦੀਆਂ ਮਾਸਟਰ ਡਿਗਰੀਆਂ ਦੀ ਵਿਦਿਆ ਦਾ ਸੁਯੋਗ ਪ੍ਰਬੰਧ ਹੈ।






## ਸਿੱਖਿਆ : ਗਿਆਨ, ਸਰਵਪੱਖੀ ਵਿਕਾਸ ਅਤੇ ਸਮ੍ਰਿਧੀ ਦੀ ਯਾਤਰਾ

ਪਿਆਰੇ ਵਿਦਿਆਰਥੀਓ

ਮੈਂ ਤੁਹਾਡਾ ਸਰਕਾਰੀ ਰਿਪੁਦਮਨ ਕਾਲਜ, ਨਾਭਾ ਵਿੱਚ ਨਵੇਂ ਅਕਾਦਮਿਕ ਸ਼ੈਸਨ 2025-26 ਵਿੱਚ ਹਾਰਦਿੱਕ ਸਵਾਗਤ ਕਰਦੀ ਹਾਂ। ਇਸ ਕਾਲਜ ਦੀ ਇੱਕ ਸ਼ਾਨਦਾਰ ਵਿਰਾਸਤ ਹੈ, ਜੋ ਵਿਦਿਆ, ਨੈਤਿਕਤਾ ਅਤੇ ਸਰਬਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਦੀ ਹੈ। ਅਸੀਂ ਤੁਹਾਡੀ ਸਿੱਖਿਆ ਨੂੰ ਸਿਰਫ਼ ਇੱਕ ਡਿਗਰੀ ਤੱਕ ਸੀਮਿਤ ਨਹੀਂ ਕਰਦੇ, ਸਗੋਂ ਤੁਹਾਨੂੰ ਗਿਆਨ, ਅਨੁਸ਼ਾਸਨ ਅਤੇ ਨੈਤਿਕ ਮੁੱਲਾਂ ਨਾਲ ਸੰਵਾਰਨ ਦੀ ਕੋਸ਼ਿਸ਼ ਕਰਦੇ ਹਾਂ।

ਕਾਲਜ ਵਿੱਚ B.A., B.Com., B.Sc. (Medical, Non Medical); B.C.A., PGDCA, M.A. English, M.A. Political Science, M.A. Economics (NEP ਅਨੁਸਾਰ) ਕੋਰਸ ਉਪਲਬਧ ਹਨ, ਜੋ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ, ਉੱਤਮ ਵਿਦਿਅਕ ਤਜਰਬਾ ਅਤੇ ਕੈਰੀਅਰ ਵਿਕਾਸ ਲਈ ਤਿਆਰ ਕਰਦੇ ਹਨ। ਵਿਦਿਆਰਥੀ ਵਿਗਿਆਨ, ਬੈਂਕਿੰਗ, ਮਾਰਕੀਟਿੰਗ, IT ਅਤੇ ਪ੍ਰਸ਼ਾਸਨਿਕ ਨੌਕਰੀਆਂ ਵਿੱਚ ਆਪਣੀ ਪਛਾਣ ਬਣਾਉਣ ਯੋਗ ਹੋ ਰਹੇ ਹਨ।

ਇਹ ਸੰਸਥਾ NAAC B+ ਗ੍ਰੇਡ ਪ੍ਰਾਪਤ ਕਰਕੇ ਆਪਣੇ ਉੱਚ-ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਪੁਸ਼ਟੀ ਕਰਦੀ ਹੈ।

ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਸਮਾਰਟ ਕਲਾਸ ਰੂਮ, ਸ਼ਾਨਦਾਰ ਲਾਇਬ੍ਰੇਰੀ, ਆਧੁਨਿਕ ਲੈਬ, ਕੈਰੀਅਰ ਗਾਇਡੈਂਸ, ਖੇਡ ਸਟੇਡੀਅਮ, ਬੋਟੈਨੀਕਲ ਗਾਰਡਨ, ਸੱਭਿਆਚਾਰਕ ਗਤੀਵਿਧੀਆਂ ਅਤੇ ਵਿਭਿੰਨ ਵਿਦਿਅਕ, ਸਕਿੱਲ ਡਿਵਾਲਪਮੈਂਟ ਵਰਕਸ਼ਾਪਾਂ ਦੀਆਂ ਸਹੂਲਤਾ ਪ੍ਰਦਾਨ ਕੀਤੀਆਂ ਜਾਂਦੀਆਂ ਹੈ।

ਇਸ ਨਵੀਂ ਸਿੱਖਿਆਤਮਕ ਯਾਤਰਾ ਦੀ ਸ਼ੁਰੂਆਤ ਕਰਦੇ ਹੋਏ, ਮੈਂ ਤੁਹਾਨੂੰ ਪ੍ਰੇਰਿਤ ਕਰਦੀ ਹਾਂ ਕਿ ਆਪਣਾ ਟੀਚਾ ਸ਼ਕਤੀਸ਼ਾਲੀ ਬਣਾਓ, ਦ੍ਰਿੜ੍ਹ ਨਿਸ਼ਚਯ ਅਤੇ ਮਿਹਨਤ ਨਾਲ ਅੱਗੇ ਵਧੋ। ਸਮਰਪਣ ਅਤੇ ਵਿਸ਼ਵਾਸ ਤੁਹਾਨੂੰ ਸਫ਼ਲਤਾ ਦੀ ਉੱਚਾਈਆਂ ਤੱਕ ਲੈ ਜਾਣਗੇ।

ਮੈਂ ਤਹਾਨੂੰ ਉਜਵਲ ਭਵਿੱਖ ਅਤੇ ਜ਼ਿੰਦਗੀ ਲਈ ਸ਼ੁਭਕਾਮਨਾਵਾਂ ਦਿੰਦੀ ਹਾਂ। ਸਰਕਾਰੀ ਰਿਪੁਦਮਨ ਕਾਲਜ, ਨਾਭਾ ਵਿੱਚ ਤੁਹਾਡਾ ਸਫ਼ਰ ਅਨੁਭਵ, ਸਰਵਪੱਖੀ ਗਿਆਨ, ਅਕਾਦਮਿਕ ਅਤੇ ਵਿਅਕਤੀਗਤ ਵਿਕਾਸ ਨਾਲ ਭਰਪੂਰ ਹੋਵੇ।

ਸ਼ੁਭਕਾਮਨਾਵਾਂ !

**ਡਾ. ਵਨੀਤਾ ਰਾਣੀ**
ਪ੍ਰਿੰਸੀਪਲ
ਸਰਕਾਰੀ ਰਿਪੁਦਮਨ ਕਾਲਜ, ਨਾਭਾ

# COLLEGE ACTIVITIES



Celebrating Republic Day



Book Review by Teachers



Seminar on Basics of Indian Capital Market



Seminar on Career Counselling



Celebrating Constitution Day



Workshop on Fine Arts



Eco Club Activity



Overall Ist Runner up in Zonal Youth Festival
Sangrur Zone 2024-25

# --:: ਵਿਸ਼ਾ ਸੂਚੀ ::--


| ਕ੍ਰਮਾਂਕ | ਵਿਸ਼ਾ | ਪੰਨਾਂ ਨੰ: |
|---|---|---|
| 1) | ਫੈਕਲਟੀ (ਵਿੱਦਿਅਕ ਵਿਭਾਗ) ਜਾਣ ਪਛਾਣ | 2 |
| 2) | ਕਾਲਜ ਪ੍ਰਸ਼ਾਸ਼ਨ | 3 |
| 3) | ਦਾਖ਼ਲਾ ਸ਼ਡਿਊਲ | 6 |
| 4) | ਕਾਲਜ ਵਿੱਚ ਉਪਲੱਬਧ ਕੋਰਸ | 7 |
| 3) | ਦਾਖਲਾ ਪ੍ਰੀਕ੍ਰਿਆ | 8 |
| 4) | ਵਿਸ਼ਾ ਬਦਲੀ | 13 |
| 5) | ਛੁੱਟੀ ਲੈਣ ਸੰਬੰਧੀ | 13 |
| 6) | ਸਰਕਾਰੀ ਵਜ਼ੀਫਿਆਂ ਸੰਬੰਧੀ | 13 |
| 7) | ਫੀਸ ਮੁਆਫੀ | 14 |
| 8) | ਰਾਖਵਾਂਕਰਣ | 14 |
| 9) | ਹਾਜ਼ਰੀਆਂ ਅਤੇ ਜ਼ੁਰਮਾਨੇ | 15 |
| 10) | ਇੰਟਰਨਲ ਅਸੈਸਮੈਂਟ/ਐਮ.ਐਸ.ਟੀ. | 16 |
| 11) | ਮਹਾਰਾਜਾ ਹੀਰਾ ਸਿੰਘ ਕਾਲਜ ਲਾਇਬ੍ਰੇਰੀ | 16 |
| 12) | ਸਹਿ-ਵਿਦਿਅਕ ਗਤੀਵਿਧੀਆਂ | 17 |
| 14) | ਕਾਲਜ ਪ੍ਰਕਾਸ਼ਨ | 17 |
| 15) | ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਨਮਾਨ | 17 |
| 16) | ਕਾਲਜ ਕੈਂਪਸ ਲਈ ਜ਼ਰੂਰੀ ਨਿਯਮ | 19 |

# ਕਾਲਜ ਸਟਾਫ਼

ਪ੍ਰਿੰਸੀਪਲ : **ਪ੍ਰੋਫੈਸਰ (ਡਾ.) ਵਨੀਤਾ ਰਾਣੀ** ਪੀ.ਐਚ.ਡੀ., ਐਮ.ਕਾਮ., ਐਮ.ਬੀ.ਏ., ਯੂ.ਜੀ.ਸੀ. ਨੈੱਟ

## ਅਧਿਆਪਕ ਮੰਡਲ (Teaching Faculty)

### ਪੰਜਾਬੀ ਵਿਭਾਗ (Department of Punjabi)

ਅਸਿ. ਪ੍ਰੋ. ਹਰਪ੍ਰੀਤ ਕੌਰ ਸੰਧੂ, ਐਮ.ਏ., ਯੂ.ਜੀ.ਸੀ. ਨੈੱਟ-ਜੇ.ਆਰ.ਐਫ, AHRMS UfOM ਕੈਨੇਡਾ (ਮੁੱਖੀ ਪੰਜਾਬੀ ਵਿਭਾਗ)
ਅਸਿ. ਪ੍ਰੋ. ਗੁਰਭਜਨ ਸਿੰਘ, ਐਮ.ਏ., ਬੀ.ਐਡ., ਯੂ.ਜੀ.ਸੀ. ਨੈੱਟ
ਅਸਿ. ਪ੍ਰੋ. ਹਰਪ੍ਰੀਤ ਕੌਰ ਭੱਟੀ, ਐਮ.ਏ., ਐਮ.ਫਿਲ., ਬੀ.ਐਡ., ਐਮ.ਐਡ., ਯੂ.ਜੀ.ਸੀ. ਨੈੱਟ (ਪੰਜਾਬੀ ਸਿੱਖਿਆ)
ਅਸਿ. ਪ੍ਰੋ. ਤੇਜ ਪਾਲ ਐਮ.ਏ. (ਪੰਜਾਬੀ, ਇਕਨਾਮਿਕਸ), ਐਮ.ਫਿਲ., ਯੂ.ਜੀ.ਸੀ. ਨੈੱਟ *
ਅਸਿ. ਪ੍ਰੋ. ਬਲਬੀਰ ਸਿੰਘ ਐਮ.ਏ., ਐਮ.ਫਿਲ. *
ਅਸਿ. ਪ੍ਰੋ. ਕੁਲਵਿੰਦਰ ਕੌਰ ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ **
ਅਸਿ. ਪ੍ਰੋ. ਕੁਲਦੀਪ ਸਿੰਘ ਐਮ.ਏ. (ਪੰਜਾਬੀ, ਰਿਲੀਜੀਅਸ ਸਟੱਡੀਜ) **
ਅਸਿ. ਪ੍ਰੋ. (ਡਾ.) ਰਵਨੀਤ ਕੌਰ, ਪੀ.ਐਚ.ਡੀ., ਐਮ.ਏ. (ਪੰਜਾਬੀ, ਇਤਿਹਾਸ), ਐਮ.ਐਸ.ਸੀ. (ਕੈਮਿਸਟਰੀ), ਯੂ.ਜੀ.ਸੀ. ਨੈੱਟ**
ਅਸਿ. ਪ੍ਰੋ. (ਡਾ.) ਅਮਨਦੀਪ ਕੌਰ ਪੀ.ਐਚ.ਡੀ., ਯੂ.ਜੀ.ਸੀ. ਨੈੱਟ **
ਅਸਿ. ਪ੍ਰੋ. (ਡਾ.) ਸੁਨੀਤਾ ਰਾਣੀ, ਪੀ.ਐਚ.ਡੀ., ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ **
ਅਸਿ. ਪ੍ਰੋ. (ਡਾ.) ਰਾਜਿੰਦਰ ਕੌਰ, ਪੀ.ਐਚ.ਡੀ., ਐਮ.ਏ. (ਆਨਰਜ), ਐਮ.ਫਿਲ. **

### ਅੰਗਰੇਜੀ ਵਿਭਾਗ (Department of English)

ਐਸੋਸੀਏਟ. ਪ੍ਰੋ. ਅਰਾਧਨਾ ਕਾਮਰਾ, ਐਮ.ਏ., ਯੂ.ਜੀ.ਸੀ. ਨੈੱਟ, ਪੀ.ਐਚ.ਡੀ (ਜਾਰੀ) (ਮੁੱਖੀ ਅੰਗਰੇਜੀ ਵਿਭਾਗ)
ਐਸੋਸੀਏਟ. ਪ੍ਰੋ. (ਡਾ.) ਹਿਤੇਸ਼ ਗੋਇਲ, ਪੀ.ਐਚ.ਡੀ., ਐਮ.ਏ., ਯੂ.ਜੀ.ਸੀ. ਨੈੱਟ
ਅਸਿ. ਪ੍ਰੋ. ਜਸਪ੍ਰੀਤ ਕੌਰ, ਐਮ.ਏ., ਐਮ.ਐਡ., ਐਮ.ਫਿਲ., PGCTE, ਯੂ.ਜੀ.ਸੀ. ਨੈੱਟ, ਪੀ.ਐਚ.ਡੀ (ਜਾਰੀ)
ਅਸਿ. ਪ੍ਰੋ. ਅਵਨੂਰ ਮੱਖੂ, ਐਮ.ਏ., ਯੂ.ਜੀ.ਸੀ. ਨੈੱਟ, ਪੀ.ਐਚ.ਡੀ (ਜਾਰੀ)
ਅਸਿ. ਪ੍ਰੋ. (ਡਾ.) ਰਿਤੂ ਭਾਰਦਵਾਜ, ਪੀ.ਐਚ.ਡੀ., ਐਮ.ਏ., ਬੀ.ਐਡ., ਐਮ.ਐਡ., ਐਮ.ਫਿਲ. *
ਅਸਿ. ਪ੍ਰੋ. (ਡਾ.) ਮਨਪ੍ਰੀਤ ਕੌਰ, ਪੀ.ਐਚ.ਡੀ., ਐਮ.ਏ., ਐਮ.ਫਿਲ. *
ਅਸਿ. ਪ੍ਰੋ. ਸ਼ਿਲਪਾ ਰਾਜਪਾਲ, ਐਮ.ਏ.,ਬੀ.ਐਡ., ਪੀ.ਐਚ.ਡੀ (ਜਾਰੀ) **
ਅਸਿ. ਪ੍ਰੋ. ਜਸਪ੍ਰੀਤ ਕੌਰ, ਐਮ.ਏ., ਯੂ.ਜੀ.ਸੀ. ਨੈੱਟ, **
- ਖਾਲੀ -

### ਹਿੰਦੀ ਵਿਭਾਗ (Department of Hindi)

ਅਸਿ. ਪ੍ਰੋ. (ਡਾ.) ਤਲਵਿੰਦਰ ਸਿੰਘ, ਪੀ.ਐਚ.ਡੀ., ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ-ਜੇ. ਆਰ.ਐਫ. (ਮੁੱਖੀ ਹਿੰਦੀ ਵਿਭਾਗ)**

### ਰਾਜਨੀਤੀ ਸ਼ਾਸਤਰ (Department of Political Science)

ਅਸਿ. ਪ੍ਰੋ. ਜੋਤੀ ਬਾਲਾ, ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ (ਮੁੱਖੀ ਰਾਜਨੀਤੀ ਸ਼ਾਸਤਰ ਵਿਭਾਗ)
ਅਸਿ. ਪ੍ਰੋ. ਰਵਨੀਤ ਕੌਰ, ਐਮ.ਏ., ਯੂ.ਜੀ.ਸੀ. ਨੈੱਟ
ਅਸਿ. ਪ੍ਰੋ. ਸੁਰਿੰਦਰ ਪੁਰੀ, ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ
ਅਸਿ. ਪ੍ਰੋ. (ਡਾ.) ਹਰਮਿੰਦਰ ਸਿੰਘ, ਪੀ.ਐਚ.ਡੀ., ਐਮ.ਏ.,**

### ਇਤਿਹਾਸ ਵਿਭਾਗ (Department of History)

ਅਸਿ. ਪ੍ਰੋ. ਵੀਰਪਾਲ ਕੌਰ, ਐਮ.ਏ., ਯੂ.ਜੀ.ਸੀ. ਨੈੱਟ (ਮੁੱਖੀ ਇਤਿਹਾਸ ਵਿਭਾਗ)
ਅਸਿ. ਪ੍ਰੋ. (ਡਾ.) ਕਿਰਨ, ਪੀ.ਐਚ.ਡੀ., ਐਮ.ਏ., ਬੀ.ਐਡ., ਐਮ. ਫਿਲ. **
ਅਸਿ. ਪ੍ਰੋ. (ਡਾ.) ਅਮਰਿੰਦਰ ਸਿੰਘ, ਪੀ.ਐਚ.ਡੀ., ਐਮ.ਏ., ਐਮ. ਫਿਲ. **

### ਭੂਗੋਲ ਵਿਭਾਗ (Department of Geography)

ਅਸਿ. ਪ੍ਰੋ. (ਡਾ.) ਰਸ਼ਮੀ, ਪੀ.ਐਚ.ਡੀ., ਐਮ.ਐਸ.ਸੀ (ਗੋਲਡ ਮੈਡਲਿਸਟ)., ਯੂ.ਜੀ.ਸੀ. ਨੈੱਟ, (ਮੁੱਖੀ ਭੂਗੋਲ ਵਿਭਾਗ)
ਅਸਿ. ਪ੍ਰੋ. ਮੀਨਾਕਸ਼ੀ, ਐਮ.ਏ., ਯੂ.ਜੀ.ਸੀ. ਨੈੱਟ
- ਖਾਲੀ -

## ਅਰਥ ਸ਼ਾਸਤਰ ਵਿਭਾਗ (Department of Economics)

ਅਸਿ. ਪ੍ਰੋ. ਜਯੋਤੀ ਰਾਣੀ, ਐਮ.ਏ.,ਬੀ.ਐਡ., ਯੂ.ਜੀ.ਸੀ. ਨੈੱਟ (ਮੁੱਖੀ ਅਰਥਸ਼ਾਸਤਰ ਵਿਭਾਗ)

ਅਸਿ. ਪ੍ਰੋ. ਨਿਧੀ, ਐਮ.ਏ., ਯੂ.ਜੀ.ਸੀ. ਨੈੱਟ

ਅਸਿ. ਪ੍ਰੋ. ਕਲਪਨਾ ਖੰਨਾ ਬੱਤਰਾ, ਐਮ.ਏ., ਐਮ.ਫਿਲ., ਯੂ.ਜੀ.ਸੀ. ਨੈੱਟ *

ਅਸਿ. ਪ੍ਰੋ. ਮੀਨਾਕਸ਼ੀ ਜਿੰਦਲ, ਐਮ.ਏ., ਐਮ.ਫਿਲ., ਐਮ.ਬੀ.ਏ., ਯੂ.ਜੀ.ਸੀ. ਨੈੱਟ **

ਅਸਿ. ਪ੍ਰੋ. ਨੇਹਾ ਜੈਨ, ਐਮ.ਏ., ਐਮ.ਫਿਲ. **

ਅਸਿ. ਪ੍ਰੋ. (ਡਾ.) ਦੀਪਿਕਾ, ਪੀ.ਐਚ.ਡੀ., ਐਮ.ਏ., ਐਮ.ਫਿਲ., ਐਮ.ਬੀ.ਏ., ਯੂ.ਜੀ.ਸੀ. ਨੈੱਟ **

## ਲੋਕ ਪ੍ਰਸ਼ਾਸਨ ਵਿਭਾਗ (Department of Public Administration)

ਅਸਿ. ਪ੍ਰੋ. ਕੰਚਨ ਜਿੰਦਲ, ਐਮ.ਏ., ਯੂ.ਜੀ.ਸੀ. ਨੈੱਟ, (ਮੁੱਖੀ ਲੋਕ ਪ੍ਰਸ਼ਾਸਨ ਵਿਭਾਗ) **

ਅਸਿ. ਪ੍ਰੋ. ਜਸਪ੍ਰੀਤ ਕੌਰ, ਐਮ.ਏ., ਪੀ.ਐਚ.ਡੀ (ਜਾਰੀ) **

## ਸੰਗੀਤ (ਵਾਦਨ) ਵਿਭਾਗ (Department of Music (Instrumental)

ਅਸਿ. ਪ੍ਰੋ. ਲਲਿਤਾ ਜੈਨ, ਪੀ.ਐਚ.ਡੀ., ਐਮ.ਏ. (ਗੋਲਡ ਮੈਡਲਿਸਟ), ਯੂ.ਜੀ.ਸੀ. ਨੈੱਟ, (ਮੁੱਖੀ ਸੰਗੀਤ (ਵਾਦਨ ਵਿਭਾਗ) *

ਨਾਨ-ਟੀਚਿੰਗ ਸਟਾਫ : 1. ਤਬਲਾ ਇੰਸਟਰਕਟਰ (ਖਾਲੀ)

## ਗ੍ਰਹਿ ਵਿਗਿਆਨ ਵਿਭਾਗ (Department of Home Science)

1. ਖਾਲੀ 2. ਖਾਲੀ

ਨਾਨ ਟੀਚਿੰਗ ਸਟਾਫ : 1. ਸ੍ਰੀਮਤੀ ਕਿਰਨ ਬਾਲਾ (ਐਸ.ਐਲ.ਏ.) 2. ਖਾਲੀ (ਐਸ.ਐਲ.ਏ.)

## ਸਰੀਰਕ ਸਿੱਖਿਆ ਵਿਭਾਗ (Department of Physical Education)

ਅਸਿ. ਪ੍ਰੋ. ਪਰਮਜੀਤ ਰਾਣਾ, ਐਮ.ਫਿਲ., ਯੂ.ਜੀ.ਸੀ. ਨੈੱਟ (ਮੁੱਖੀ ਸਰੀਰਕ ਸਿੱਖਿਆ ਵਿਭਾਗ)

ਅਸਿ. ਪ੍ਰੋ. (ਡਾ.) ਦੀਪਕ ਕੌਸ਼ਲ, ਪੀ.ਐਚ.ਡੀ., ਐਮ.ਪੀ.ਐਡ., ਐਮ.ਫਿਲ. **

ਅਸਿ. ਪ੍ਰੋ. (ਡਾ.) ਲਖਵਿੰਦਰ ਸਿੰਘ, ਪੀ.ਐਚ.ਡੀ. **

## ਦਰਸ਼ਨ ਸ਼ਾਸਤਰ ਵਿਭਾਗ (Department of Philosophy)

ਅਸਿ. ਪ੍ਰੋ. (ਡਾ.) ਸੁਰਿੰਦਰ ਸਿੰਘ, ਪੀ.ਐਚ.ਡੀ., ਐਮ.ਏ., ਬੀ.ਐਡ., ਯੂ.ਜੀ.ਸੀ. ਨੈੱਟ (ਮੁੱਖੀ ਦਰਸ਼ਨ ਸ਼ਾਸਤਰ ਵਿਭਾਗ) **

## ਭੌਤਿਕ ਵਿਗਿਆਨ ਵਿਭਾਗ (Department of Physics)

ਅਸਿ. ਪ੍ਰੋ. ਸ਼ਿਲਪੀ ਰਾਣੀ, ਐਮ.ਐਸ.ਸੀ., ਸੀ.ਐਸ.ਆਈ.ਆਰ. ਨੈੱਟ (ਮੁੱਖੀ ਭੌਤਿਕ ਵਿਗਿਆਨ ਵਿਭਾਗ)

ਅਸਿ. ਪ੍ਰੋ. ਜਸਮੇਰ, ਐਮ.ਐਸ.ਸੀ., ਯੂ.ਜੀ.ਸੀ. ਨੈੱਟ **

ਨਾਨ-ਟੀਚਿੰਗ ਸਟਾਫ :1. ਖਾਲੀ 2. ਖਾਲੀ (ਐਸ.ਐਲ.ਏ.)

## ਰਸਾਇਣ ਵਿਗਿਆਨ ਵਿਭਾਗ (Department of Chemistry)

ਅਸਿ. ਪ੍ਰੋ. (ਡਾ.) ਵਿਕਰਮਜੀਤ ਸਿੰਘ, ਪੀ.ਐਚ.ਡੀ., ਐਮ.ਐਸ.ਸੀ., ਸੀ.ਐਸ.ਆਈ.ਆਰ. ਨੈੱਟ-ਜੇ.ਆਰ.ਐਫ. (ਮੁੱਖੀ ਰਸਾਇਣ ਵਿਗਿਆਨ ਵਿਭਾਗ)

ਅਸਿ. ਪ੍ਰੋ. ਸੁਕਾਂਤ ਮਿੱਤਲ, ਐਮ.ਐਸ.ਸੀ., ਐਮ.ਫਿਲ., ਯੂ.ਜੀ.ਸੀ. ਨੈੱਟ *

ਅਸਿ. ਪ੍ਰੋ. ਆਸ਼ਿਮਾ ਗਰਗ, ਐਮ.ਐਸ.ਸੀ., ਯੂ.ਜੀ.ਸੀ. ਨੈੱਟ **

ਨਾਨ-ਟੀਚਿੰਗ ਸਟਾਫ :

1. ਸ੍ਰੀ ਸੁਖਦੇਵ ਸਿੰਘ (ਐਸ.ਐਲ.ਏ.) 2. ਖਾਲੀ (ਐਸ.ਐਲ.ਏ.) 3. (ਗੈਸ ਮੈਨ) ਖਾਲੀ 4. ਖਾਲੀ (ਐਸ.ਐਲ.ਏ.)

## ਬਨਸਪਤੀ ਵਿਗਿਆਨ ਵਿਭਾਗ (Department of Botany)

ਅਸਿ. ਪ੍ਰੋ. ਸਵਰਨਜੀਤ ਕੌਰ, ਐਮ.ਐਸ.ਸੀ., ਐਮ.ਫਿਲ., ਪੀ.ਐਚ.ਡੀ (ਜਾਰੀ) (ਮੁੱਖੀ ਬਨਸਪਤੀ ਵਿਗਿਆਨ ਵਿਭਾਗ) *

ਅਸਿ. ਪ੍ਰੋ. ਮੋਨਿਕਾ ਰਾਣੀ, ਐਮ.ਐਸ.ਸੀ.(ਐਚ.ਐਸ.), ਜੀ.ਏ.ਟੀ.ਈ., ਪੀ.ਐਚ.ਡੀ (ਜਾਰੀ) **

ਨਾਨ-ਟੀਚਿੰਗ ਸਟਾਫ :1. ਖਾਲੀ (ਐਸ.ਐਲ.ਏ.) 2. ਖਾਲੀ (ਜੇ.ਐਲ.ਏ.) 3.ਖਾਲੀ 4. ਖਾਲੀ (ਐਸ.ਐਲ.ਏ.)

## ਜੀਵ ਵਿਗਿਆਨ ਵਿਭਾਗ (Department of Zoology)

ਅਸਿ. ਪ੍ਰੋ. (ਡਾ.) ਨੀਲਮ ਭਾਟੀਆ ਮੁਖੀ, ਪੀ.ਐਚ.ਡੀ., ਐਮ.ਐਸ.ਸੀ., ਬੀ.ਐਡ., ਐਮ. ਫਿਲ. (ਮੁੱਖੀ ਜੀਵ ਵਿਗਿਆਨ ਵਿਭਾਗ)

ਅਸਿ. ਪ੍ਰੋ. ਤਰਨਦੀਪ ਕੌਰ, ਐਮ.ਐਸ.ਸੀ., ਬੀ.ਐਡ., ਪੀ.ਐਚ.ਡੀ (ਜਾਰੀ) **

ਨਾਨ-ਟੀਚਿੰਗ ਸਟਾਫ :1. ਖਾਲੀ (ਐਸ.ਐਲ.ਏ.) 2. ਸ੍ਰੀ ਤਰਸੇਮ ਲਾਲ (ਜੇ.ਐਲ.ਏ) 3.ਖਾਲੀ

## ਗਣਿਤ ਵਿਭਾਗ (Department of Mathematics)

ਅਸਿ. ਪ੍ਰੋ. (ਡਾ.) ਸ਼ਿਵਾਨੀ ਮੋਦਗਿੱਲ, ਪੀ.ਐਚ.ਡੀ., ਐਮ.ਐਸ.ਸੀ. (ਮੁੱਖੀ ਗਣਿਤ ਵਿਭਾਗ) **

ਅਸਿ. ਪ੍ਰੋ. (ਡਾ.) ਰੋਹਿਤ ਗਰਗ, ਪੀ.ਐਚ.ਡੀ., ਐਮ.ਐਸ.ਸੀ., **

ਅਸਿ. ਪ੍ਰੋ. ਮੋਨਿਕਾ ਸਿੰਗਲਾ, ਐਮ.ਐਸ.ਸੀ. **

## ਕਾਮਰਸ ਵਿਭਾਗ (Department of Commerce)

ਅਸਿ. ਪ੍ਰੋ. ਅਰਵਿੰਦਰ ਕੌਰ, ਐਮ. ਕਾਮ., ਯੂ.ਜੀ.ਸੀ. ਨੈੱਟ (ਮੁੱਖੀ ਕਾਮਰਸ ਵਿਭਾਗ) *

1. ਖਾਲੀ 2. ਖਾਲੀ

## ਕੰਪਿਊਟਰ ਸਾਇੰਸ ਵਿਭਾਗ (Department of Computer Science)

ਅਸਿ. ਪ੍ਰੋ. ਧਰਮਜੀਤ ਸਿੰਘ, ਐਮ.ਸੀ.ਏ., ਐਮ.ਬੀ.ਏ., ਯੂ.ਜੀ.ਸੀ. ਨੈੱਟ (ਮੁੱਖੀ ਕੰਪਿਊਟਰ ਸਾਇੰਸ ਵਿਭਾਗ)

ਅਸਿ. ਪ੍ਰੋ. (ਡਾ.) ਅੰਜੂ ਗੁਪਤਾ, ਪੀ.ਐਚ.ਡੀ. ,ਐਮ.ਐਸ.ਸੀ. **

## ਵਾਤਾਵਰਣ ਵਿਗਿਆਨ ਵਿਭਾਗ (Department of Environment Science)

ਅਸਿ. ਪ੍ਰੋ. (ਡਾ.) ਸ਼ਹਿਨਾਜ ਖਾਨ, ਪੀ.ਐਚ.ਡੀ., ਐਮ.ਐਸ.ਸੀ., ਐਮ. ਫਿਲ., ਯੂ.ਜੀ.ਸੀ. ਨੈੱਟ (ਮੁੱਖੀ ਵਾਤਾਵਰਣ ਵਿਗਿਆਨ ਵਿਭਾਗ)

## ਸਵੈ-ਵਿੱਤੀ ਕੋਰਸ (Department of Self-Financed Courses)

ਅਸਿ. ਪ੍ਰੋ. ਧਰਮਜੀਤ ਸਿੰਘ, ਐਮ.ਸੀ.ਏ., ਐਮ.ਬੀ.ਏ., ਯੂ.ਜੀ.ਸੀ. ਨੈੱਟ (ਮੈਂਬਰ ਸੈਕਟਰੀ)

ਅਸਿ. ਪ੍ਰੋ. ਰਜਨੀ ਬਾਲਾ, ਐਮ.ਸੀ.ਏ., ਐਮ.ਐਸ.ਸੀ (ਮੈੱਥ)

ਅਸਿ. ਪ੍ਰੋ. ਮਾਲਿਨੀ, ਐਮ.ਸੀ.ਏ., ਐਮ. ਫਿਲ., ਐਮ.ਏ. (ਇੰਗਲਿੰਸ), ਪੀ.ਐਚ.ਡੀ (ਜਾਰੀ)

ਅਸਿ. ਪ੍ਰੋ. ਕੀਰਤੀ., ਐਮ.ਸੀ.ਏ., ਐਮ. ਫਿਲ. (ਕੰਪਿਊਟਰ ਸਾਇੰਸ)

ਅਸਿ. ਪ੍ਰੋ. ਸ਼ਿਵਾਲੀ., ਐਮ.ਸੀ.ਏ., ਐਮ. ਫਿਲ., ਬੀ.ਐਡ., ਐਮ.ਏ. (ਹਿਸਟਰੀ)

ਅਸਿ. ਪ੍ਰੋ. ਵਿਜੇਤਾ ਐਮ.ਟੈਕ., ਯੂ.ਜੀ.ਸੀ. ਨੈੱਟ

ਅਸਿ. ਪ੍ਰੋ. ਅੰਜੁਮ, ਐਮ.ਸੀ.ਏ., ਐਮ.ਏ. (ਇੰਕਨਾਮਿਕਸ)

ਅਸਿ. ਪ੍ਰੋ. (ਡਾ.) ਰੁਪਿੰਦਰ ਕੌਰ, ਪੀ.ਐਚ.ਡੀ., ਐਮ.ਏ., ਐਮ. ਫਿਲ., ਯੂ.ਜੀ.ਸੀ. ਨੈੱਟ

ਨਾਨ-ਟੀਚਿੰਗ ਸਟਾਫ :

ਸ਼੍ਰੀ ਮਤੀ ਅਨੀਤਾ (ਕੰਪਿਊਟਰ ਲੈਬ ਅਟੈਂਡਡੈਂਟ)

ਸ਼੍ਰੀ ਮਤੀ ਮਨਿੰਦਰ ਕੌਰ (ਕੰਪਿਊਟਰ ਲੈਬ ਅਟੈਂਡਡੈਂਟ)

ਸ਼੍ਰੀ ਮਤੀ ਰੰਜਨਾ (ਦਫ਼ਤਰੀ ਅਸਿਸਟੈਂਟ)

## ਲਾਇਬ੍ਰੇਰੀ ਸਟਾਫ਼ (Library Staff)

ਸ਼੍ਰੀਮਤੀ ਚਰਨਜੀਤ ਕੌਰ (ਲਾਇਬ੍ਰੇਰੀਅਨ), ਐਮ.ਏ., ਮਾਸਟਰ ਇੰਨ ਲਾਈਬ੍ਰੇਰੀ ਸਾਇੰਸ

ਸ਼੍ਰੀ ਮਤੀ ਅਮਰਜੀਤ ਕੌਰ (ਲਾਇਬ੍ਰੇਰੀਅਨ), ਮਾਸਟਰ ਇੰਨ ਲਾਈਬ੍ਰੇਰੀ ਸਾਇੰਸ, ਐਮ. ਫਿਲ., PGDLAN ਯੂ.ਜੀ.ਸੀ. ਨੈੱਟ

ਸ਼੍ਰੀ ਵਿਜੈ ਕੁਮਾਰ (ਲਾਇਬ੍ਰੇਰੀ ਰਿਸਟੋਰਰ)

ਸ਼੍ਰੀ ਹਰੀ ਚੰਦ (ਸੇਵਾਦਾਰ)

**ਨੋਟ : *ਲੱਗੀਆਂ ਅਸਾਮੀਆਂ ਤੇ ਕੰਮ ਕਰ ਰਹੇ ਅਸਿਸਟੈਂਟ ਪ੍ਰੋਫੈਸਰ ਪਾਰਟ-ਟਾਇਮ ਹਨ।**
****ਲੱਗੀਆਂ ਅਸਾਮੀਆਂ ਤੇ ਕੰਮ ਕਰ ਰਹੇ ਅਸਿਸਟੈਂਟ ਪ੍ਰੋਫੈਸਰ ਗੈਸਟ ਫ਼ੈਕਲਟੀ ਹਨ।**

## ਕਾਲਜ ਪ੍ਰਸ਼ਾਸ਼ਨ (College Administration)

| | | |
|---|---|---|
| ❁ ਪ੍ਰਿੰਸੀਪਲ | : | ਡਾ. ਵਨੀਤਾ ਰਾਣੀ |
| ❁ ਰਜਿਸਟਰਾਰ ਪ੍ਰੀਖਿਆਵਾਂ | : | ਡਾ. ਨੀਲਮ ਭਾਟੀਆ (94630-38198) |
| ❁ ਸੀਨੀਅਰ ਟਿਊਟਰ | : | ਪ੍ਰੋ. ਪਰਮਜੀਤ ਰਾਣਾ (97819-91360) (ਲੜਕੇ) |
| | | ਪ੍ਰੋ. ਅਰਾਧਨਾ ਕਾਮਰਾ (98153-89347) (ਲੜਕੀਆਂ) |
| ❁ ਯੂਥ-ਕੋਆਰਡੀਨੇਟਰ | : | ਡਾ. ਲਲਿਤਾ ਜੈਨ (95015-58400) |
| ❁ ਰੂਸਾ-ਕੋਆਰਡੀਨੇਟਰ | : | ਪ੍ਰੋ. ਸੁਕਾਂਤ ਮਿੱਤਲ (98152-97234) |
| ❁ ਇੰਨਟਰਨਲ ਕੋਆਲਟੀ ਐਸ਼ੋਰੈਂਸ ਸੈੱਲ | : | ਡਾ. ਰਿਤੂ ਭਾਰਦਵਾਜ (93169-77199) |
| ❁ ਐਨ.ਸੀ.ਸੀ. | : | ਪ੍ਰੋ. ਧਰਮਜੀਤ ਸਿੰਘ (99530-49360) |
| ❁ ਐਨ.ਐਸ.ਐਸ. | : | ਪ੍ਰੋ. ਕੁਲਦੀਪ ਸਿੰਘ (98782-85528) (ਲੜਕੇ) |
| | | ਪ੍ਰੋ. ਕੁਲਵਿੰਦਰ ਕੌਰ (99142-45587) (ਲੜਕੀਆਂ) |
| ❁ ਲਾਇਬ੍ਰੇਰੀ | : | ਸ਼੍ਰੀਮਤੀ ਚਰਨਜੀਤ ਕੌਰ (94177-64406) |
| ❁ ਬੱਸ ਪਾਸ ਇੰਚਾਰਜ | : | ਪ੍ਰੋ. ਮਿਨਾਕਸ਼ੀ (ਭੂਗੋਲ) (98883-87713) |
| ❁ ਸ਼ਿਕਾਇਤ ਨਿਵਾਰਨ ਸੈੱਲ | : | ਡਾ. ਲਲਿਤਾ ਜੈਨ (95015-58400) |
| | | ਪ੍ਰੋ. ਸੁਰਿੰਦਰ ਕੁਮਾਰ (94179-69670) |
| ❁ ਮਹਿਲਾ ਸੁਰੱਖਿਆ ਸੈੱਲ | : | ਪ੍ਰੋ. ਹਰਪ੍ਰੀਤ ਭੱਟੀ (98148-89186) |
| | : | ਪ੍ਰੋ. ਸ਼ਿਲਪੀ ਰਾਣੀ (94176-76611) |
| ❁ ਐਂਟੀ ਰੈਗਿੰਗ ਸੈੱਲ | : | ਪ੍ਰੋ. ਪਰਮਜੀਤ ਰਾਣਾ (97819-91360) |
| | : | ਪ੍ਰੋ. ਕੁਲਵਿੰਦਰ ਕੌਰ (99142-45587) |

## ਦਫ਼ਤਰੀ ਅਮਲਾ

| | | |
|---|---|---|
| ❁ ਕਾਲਜ ਸੁਪਰਡੈਂਟ | : | ਖਾਲੀ |
| ❁ ਬਿੱਲ ਕਲਰਕ/ਕੈਸ਼ੀਅਰ | : | ਸ਼੍ਰੀ ਰਾਜੀਵ ਮੁੱਖੀ (97814-22002) |
| ❁ ਯੂਨੀਵਰਸਿਟੀ ਕਲਰਕ | : | ਸ਼੍ਰੀਮਤੀ ਕਮਲਪ੍ਰੀਤ ਕੌਰ (98151-59554) |
| ❁ ਯੂਨੀਵਰਸਿਟੀ ਕਲਰਕ | : | ਸ਼੍ਰੀ ਡੌਵੀ (93179-27778) |
| ❁ ਯੂਨੀਵਰਸਿਟੀ ਕਲਰਕ | : | ਸ਼੍ਰੀਮਤੀ ਜਸਵਿੰਦਰ ਕੌਰ (87278-26996) |
| ❁ ਸਟੈਨੋ ਟਾਇਪਿਸਟ | : | ਖਾਲੀ |

ਸੰਪਰਕ : ਫੋਨ ਅਤੇ ਫੈਕਸ 01765-222914

E-mail : gcripudamannabha@gmail.com

# ——→ ਦਾਖ਼ਲਾ ਸ਼ਡਿਊਲ ←——

ਦਾਖ਼ਲਾ ਸ਼ਡਿਊਲ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤਾ ਜਾਵੇਗਾ।
ਵਿਦਿਆਰਥੀ ਕਾਲਜ ਦੀ
ਵੈਬਸਾਈਟ : www.govtripudamancollegenabha.in ਅਤੇ
ਪੰਜਾਬ ਸਰਕਾਰ ਦਾ ਪ੍ਰੈਸ ਅਤੇ ਇਲੈਕਟ੍ਰੋਨਿਕ ਮੀਡੀਆ ਦੇਖਦੇ ਰਹਿਣ।
ਦਾਖ਼ਲੇ ਸੰਬੰਧੀ ਕਾਲਜ ਦੇ ਹੇਠ ਲਿਖੇ ਨੰਬਰਾਂ ਤੇ
ਸੰਪਰਕ ਕੀਤਾ ਜਾ ਸਕਦਾ ਹੈ।

| ਕਲਾਸ | ਅਧਿਕਾਰੀ ਦਾ ਨਾਮ | ਸੰਪਰਕ ਨੰਬਰ |
|---|---|---|
| ਬੀ.ਏ. ਭਾਗ ਪਹਿਲਾ | ਪ੍ਰੋ. ਵੀਰਪਾਲ ਕੌਰ,<br>ਪ੍ਰੋ. ਹਰਪ੍ਰੀਤ ਕੌਰ (ਸੰਧੂ) | 91159-23643<br>90561-83823 |
| ਬੀ.ਕਾਮ. ਭਾਗ ਪਹਿਲਾ | ਪ੍ਰੋ. ਅਰਵਿੰਦਰ ਕੌਰ | 94643-59200 |
| ਬੀ.ਐਸ.ਸੀ. ਭਾਗ ਪਹਿਲਾ (ਮੈਡੀਕਲ) | ਪ੍ਰੋ. ਸ਼ਿਲਪੀ ਰਾਣੀ | 94176-76611 |
| ਬੀ.ਐਸ.ਸੀ. ਭਾਗ ਪਹਿਲਾ (ਨਾਨ ਮੈਡੀਕਲ) | ਪ੍ਰੋ. ਵਿਕਰਮਜੀਤ ਸਿੰਘ | 62835-74060 |
| ਐਮ.ਏ. ਭਾਗ ਪਹਿਲਾ ਰਾਜਨੀਤੀ ਸ਼ਾਸਤਰ | ਪ੍ਰੋ. ਜੋਤੀ ਬਾਲਾ | 82643-02523 |
| ਐਮ.ਏ. ਭਾਗ ਪਹਿਲਾ ਅਰਥ ਸ਼ਾਸਤਰ | ਪ੍ਰੋ. ਜਯੋਤੀ ਰਾਣੀ | 97802-66700 |
| ਐਮ.ਏ. ਭਾਗ ਪਹਿਲਾ ਅੰਗਰੇਜ਼ੀ | ਪ੍ਰੋ. ਜਸਪ੍ਰੀਤ ਕੌਰ | 98550-01522 |
| ਬੀ.ਸੀ.ਏ. ਭਾਗ ਪਹਿਲਾ | ਪ੍ਰੋ. ਰਜਨੀ ਬਾਲਾ | 79732-10158 |
| ਓਵਰਆਲ | ਡਾ. ਨੀਲਮ ਭਾਟੀਆ | 94630-38198 |

## 2) ਕਾਲਜ ਵਿੱਚ ਚਲ ਰਹੇ ਉਪਲੱਬਧ ਕੋਰਸ :

| ਲੜੀ ਨੰ: | **ਅੰਡਰਗਰੈਜੂਏਟ ਕੋਰਸ :** |
|---|---|
| 1. | ਬੀ.ਏ. (ਆਨਰਜ਼) ਬਹੁ-ਅਨੁਸ਼ਾਸਨੀ (3+1 ਸਾਲ) |
| 2. | ਬੀ.ਕਾਮ. (ਆਨਰਜ਼) (3+1 ਸਾਲ) |
| 3. | ਬੀ.ਐਸ.ਸੀ. (ਆਨਰਜ਼) (ਮੈਡੀਕਲ) ਬਹੁ-ਅਨੁਸ਼ਾਸਨੀ (3+1 ਸਾਲ) |
| 4. | ਬੀ.ਐਸ.ਸੀ. (ਆਨਰਜ਼) (ਨਾਨਮੈਡੀਕਲ) ਬਹੁ-ਅਨੁਸ਼ਾਸਨੀ (3+1 ਸਾਲ) |

| ਲੜੀ ਨੰ: | **ਪੋਸਟਗਰੈਜੂਏਟ ਕੋਰਸ :** |
|---|---|
| 1. | ਐਮ.ਏ. ਅੰਗਰੇਜ਼ੀ (2 ਸਾਲ) |
| 2. | ਐਮ.ਏ. ਅਰਥ ਸ਼ਾਸਤਰ (2 ਸਾਲ) |
| 3. | ਐਮ.ਏ. ਰਾਜਨੀਤੀ ਸ਼ਾਸਤਰ (2 ਸਾਲ) |

| ਲੜੀ ਨੰ: | **ਹਾਇਰ ਐਜੂਕੇਸ਼ਨ ਇੰਸਟੀਟਿਊਟ ਸੋਸਾਇਟੀ ਦੇ ਅਧੀਨ ਚਲਾਏ ਜਾ ਰਹੇ ਕੋਰਸ** |
|---|---|
| 1. | ਬੀ.ਸੀ.ਏ. (3 ਸਾਲ) |
| 2. | ਪੀ.ਜੀ.ਡੀ.ਸੀ.ਏ. (1 ਸਾਲ) |
| 3. | ਐਮ.ਐਸ.ਸੀ.ਆਈ.ਟੀ. (ਐਲ.ਈ.) (1 ਸਾਲ) |

## ਬੀ.ਏ. ਭਾਗ ਪਹਿਲਾ (ਸਮੈਸਟਰ) NEP

### B.A. (Honours without Research)
### Multi Disciplinary UG Programme

| SEMESTER | Major A | Major B | Major C | Minor | IDC | AEC | SEC | VAC | PBI |
|---|---|---|---|---|---|---|---|---|---|
| I | Major A-I | Major B-1 | Major C-1 | Minor | IDC-1 | Eng | Sec-1 | VAC-1 | PBI-1 |
| II | Major A-2 | Major B-2 | Major C-2 | Minor | IDC-2 | Eng | Sec-2 | VAC-2 | PBI-2 |
| CREDITS | 4 | 4 | 4 | 4 | 3 | 2 | 3 | 2 | 4 |

1) IDC, Sec ਅਤੇ VAC University ਵੱਲੋਂ ਸਮੇਂ-ਸਮੇਂ ਤੇ ਦਿੱਤੇ ਗਏ Templates ਵਿੱਚੋਂ Select ਕੀਤੇ ਜਾਣਗੇ। ਵਿਸ਼ੇ ਦੀ ਲੋੜ ਅਨੁਸਾਰ IDC ਅਤੇ SEC ਵਿਦਿਆਰਥੀਆਂ ਨੂੰ ਚੁਣਨੇ ਹੋਣਗੇ।

2) Major & Minor Subject ਵਿਦਿਆਰਥੀਆਂ ਦੁਆਰਾ ਭਰੇ ਜਾਣਗੇ।

3) Minor ਵਿਸ਼ਾ, Major ਚੁਣੇ ਗਏ ਤਿੰਨ ਵਿਸ਼ਿਆਂ ਨਾਲੋਂ ਭਿੰਨ ਹੋਵੇਗਾ।

4) IDC ਵਿਸ਼ਾ ਚੁਣੇ ਗਏ Minor ਵਿਸ਼ੇ ਤੋਂ ਭਿੰਨ ਹੋਣਾ ਚਾਹੀਦਾ ਹੈ।

5) Ability Enhancement Course (AEC) ਲਾਜ਼ਮੀ ਹੈ।

6) ਪੰਜਾਬੀ ਵਿਸ਼ਾ ਵੀ ਲਾਜ਼ਮੀ ਹੈ।

7) ਬੀ.ਏ ਭਾਗ ਦੂਜਾ ਅਤੇ ਤੀਜਾ ਵਿੱਚ ਉਮੀਦਵਾਰ ਕੇਵਲ ਉਹ ਵਿਸ਼ੇ ਹੀ ਚੁਣੇਗਾ ਜੋ ਉਸਨੇ ਬੀ.ਏ ਭਾਗ ਪਹਿਲਾ ਵਿੱਚ ਚੁਣੇ ਸਨ।

8) ਇਹ ਜ਼ਰੂਰੀ ਨਹੀਂ ਹੈ ਕਿ ਦਾਖ਼ਲਾ ਕਮੇਟੀ ਉਮੀਦਵਾਰ ਨੂੰ ਉਹ ਹੀ ਵਿਸ਼ਾ/ਵਿਸ਼ੇ ਲੈਣ ਦੀ ਆਗਿਆ ਦੇਵੇ ਜਿਹੜਾ ਦਾਖ਼ਲਾ ਵਿੱਚ ਭਰੇ ਹਨ। ਇਸ ਸੰਬੰਧ ਵਿੱਚ ਟੀਚਿੰਗ ਸਟਾਫ਼ ਅਤੇ ਸੀਟਾਂ ਨੂੰ ਧਿਆਨ ਰੱਖ ਕੇ ਹੀ ਵਿਸ਼ਾ/ਵਿਸ਼ੇ ਲੈਣ ਦੀ ਆਗਿਆ ਹੋਵੇਗੀ।

9) ਵਿਸ਼ੇ ਜੁਟਾ ਵਿੱਚ ਪਾਈ ਗਈ ਕਿਸੇ ਵੀ ਗਲਤੀ ਦਾ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ।

10) ਦਾਖ਼ਲਾ ਮੈਰਿਟ ਦੇ ਅਧਾਰ ਤੇ Govt. Admission Portal ਤੇ ਹੋਵੇਗਾ। ਸੀਟਾਂ ਪੂਰੀਆਂ ਹੋਣ ਤੋਂ ਬਾਅਦ ਕਿਸੇ ਵੀ ਹਾਲਾਤ ਵਿੱਚ ਵਿਸ਼ਾ ਤਬਦੀਲੀ ਨਹੀਂ ਹੋਵੇਗੀ।

# 3) ਦਾਖਲਾ ਪ੍ਰੀਕ੍ਰਿਆ :

## ੳ) ਦਾਖ਼ਲਾ ਫਾਰਮ ਭਰਨ ਲਈ ਜ਼ਰੂਰੀ ਹਦਾਇਤਾਂ

1. ਉਮੀਦਵਾਰ ਆਪਣਾ ਦਾਖ਼ਲਾ ਫਾਰਮ ਆਨ-ਲਾਈਨ ਭਰੇਗਾ।
2. ਫਾਰਮ ਦੇ ਸਾਰੇ ਕਾਲਮ ਭਰਨੇ ਜ਼ਰੂਰੀ ਹਨ।
3. ਉਮੀਦਵਾਰ ਆਪਣੀ ਸੰਬੰਧਤ ਕੈਟੇਗਰੀ ਜ਼ਰੂਰ ਭਰਨ।
4. ਉਮੀਦਵਾਰ ਅਤੇ ਉਸ ਦੇ ਮਾਪਿਆਂ ਦੇ ਨਾਂ ਦੇ ਸਪੈਲਿੰਗ (Spelling) ਉਹੀ ਹੋਣਗੇ ਜਿਹੜੇ ਉਨ੍ਹਾਂ ਦੇ ਆਖਰੀ ਪਾਸ ਕੀਤੀ ਪ੍ਰੀਖਿਆ ਦੇ ਨਤੀਜਾ ਕਾਰਡ ਵਿੱਚ ਦਰਜ ਹਨ।
5. ਰਿਜਰਵੇਸ਼ਨ ਦੇ ਅਧਾਰ ਤੇ ਦਾਖ਼ਲਾ ਲੈਣ ਦੇ ਇੱਛੁਕ ਉਮੀਦਵਾਰਾਂ ਨੂੰ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫਿਕੇਟ ਨਾਲ ਲਾਉਣਾ ਜ਼ਰੂਰੀ ਹੈ।
6. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ ਹੈ ਤਾਂ ਆਪਣੇ ਬਿਨੈ-ਪੱਤਰ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਰਜਿਸਟ੍ਰੇਸ਼ਨ ਸ਼ਾਖਾ ਵੱਲੋਂ ਜ਼ਾਰੀ ਕੀਤਾ ਪਾਤਰਤਾ ਸਰਟੀਫਿਕੇਟ ਨਾਲ ਲਾਉਣਾ ਜ਼ਰੂਰੀ ਹੈ।
7. ਹਰ ਪੱਖੋਂ ਮੁਕੰਮਲ ਫਾਰਮ ਨਿਸ਼ਚਿਤ ਮਿਤੀ ਤੱਕ ਕਾਲਜ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਆਖਰੀ ਮਿਤੀ ਤੋਂ ਬਾਅਦ ਫਾਰਮ ਕੇਵਲ ਪ੍ਰਿੰਸੀਪਲ ਦੀ ਪੂਰਵ ਪ੍ਰਵਾਨਗੀ ਨਾਲ ਹੀ ਲਿਆ ਜਾਵੇਗਾ।
8. ਹਰ ਇੱਕ ਕੋਰਸ/ਸਟਰੀਮ ਲਈ ਵੱਖਰਾ ਫ਼ਾਰਮ ਭਰਿਆ ਜਾਵੇ।
9. ਫ਼ਾਰਮ ਦੇ ਨਾਲ ਲੱਗੇ ਕਾਰਡ ਤੇ ਆਪਣਾ ਪੂਰਾ ਪਤਾ ਫੋਨ ਨੰਬਰ ਸਮੇਤ ਭਰਿਆ ਜਾਵੇ।
10. ਜਿਨ੍ਹਾਂ ਵਿਦਿਅਰਥੀਆਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ, ਉਨ੍ਹਾਂ ਲਈ ਜ਼ਰੂਰੀ ਹੈ ਕਿ ਉਹ ਆਪਣਾ ਵੋਟਰ ਕਾਰਡ ਨੰ: ਫਾਰਮ ਵਿੱਚ ਦਿੱਤੇ ਕਾਲਮ ਵਿੱਚ ਜ਼ਰੂਰ ਭਰਨ ਅਤੇ ਇਸ ਦੀ ਫੋਟੋ ਕਾਪੀ ਦਾਖ਼ਲਾ ਫ਼ਾਰਮ ਨਾਲ ਨੱਥੀ ਕਰਨ। ਜਿਨ੍ਹਾਂ ਵਿਦਿਆਰਥੀਆਂ ਦਾ ਵੋਟਰ ਕਾਰਡ ਨਹੀਂ ਬਣਿਆ ਹੋਇਆ, ਉਹ ਵੋਟਰ ਕਾਰਡ ਬਣਾਉਣ ਲਈ ਕਾਲਜ ਦੇ ਨੋਡਲ ਅਫ਼ਸਰ ਨੂੰ ਸੰਪਰਕ ਕਰਕੇ ਅਪਲਾਈ ਕਰਨ ਤੋਂ ਬਾਅਦ ਇਸ ਦੀ ਫੋਟੋ ਕਾਪੀ ਦਫ਼ਤਰ ਵਿੱਚ ਜਮ੍ਹਾਂ ਕਰਵਾਉਣ।

## ਅ) ਦਾਖ਼ਲੇ ਸੰਬੰਧੀ ਨਿਯਮ

ਸਾਲ 2025-26 ਦੇ ਵਿਦਿਅਕ ਸਾਲ ਲਈ ਵੱਖ-ਵੱਖ ਸ਼੍ਰੇਣੀਆਂ ਲਈ ਹੇਠ ਲਿਖੇ ਨਿਯਮਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ।

1) ਵਿਦਿਆਰਥੀ ਦਾਖ਼ਲਾ ਫ਼ਾਰਮ ਨਿਰਧਾਰਿਤ ਮਿਤੀ ਤੱਕ ਭਰ ਦੇਣ। ਅਧੂਰੇ ਪ੍ਰਾਰਥਨਾ ਪੱਤਰ ਪ੍ਰਵਾਨ ਨਹੀਂ ਕੀਤੇ ਜਾਣਗੇ, ਰਾਖਵਾਂਕਰਨ ਦਾ ਲਾਭ ਪ੍ਰਾਪਤ ਕਰਨ ਵਾਲੇ ਉਮੀਦਵਾਰ ਸੰਬੰਧਤ ਸਬੂਤ ਨਾਲ ਨੱਥੀ ਕਰਨ।

2) ਪੰਜਾਬੀ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਦਾਖਲਾ ਪ੍ਰਾਪਤ ਕੀਤਾ ਜਾ ਸਕਦਾ ਹੈ। ਮਿਤੀ ਜਾਂ ਕੋਈ ਹੋਰ ਤਬਦੀਲੀ ਦੀ ਹਾਲਤ ਵਿਚ ਸੂਚਨਾ ਕਾਲਜ ਦੇ ਨੋਟਿਸ ਬੋਰਡ ਤੇ ਲਗਾਈ ਜਾਵੇਗੀ, ਕੋਈ ਨਿੱਜੀ ਸੂਚਨਾ ਨਹੀਂ ਭੇਜੀ ਜਾਵੇਗੀ।

3) ਨਿਰਧਾਰਤ ਮਿਤੀ ਤੋਂ ਪਿਛੋਂ ਦਾਖਲੇ ਸੰਬੰਧੀ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

4) ਗੈਰ-ਹਾਜ਼ਰ ਉਮੀਦਵਾਰ ਨੂੰ ਬਾਅਦ ਵਿੱਚ ਆਉਣ ਤੇ ਮਨਪਸੰਦ ਵਿਸ਼ਾ ਚੁਣਨ ਦਾ ਹੱਕ ਨਹੀਂ ਹੋਵਗਾ।

5) ਦਾਖ਼ਲਾ ਕੇਵਲ ਮੈਰਿਟ ਅਤੇ ਸੀਟਾਂ ਦੀ ਉਪਲਬਧੀ ਦੇ ਆਧਾਰ ਤੇ ਹੀ ਕੀਤਾ ਜਾਂਦਾ ਹੈ।

6) ਗਲਤ ਜਾਂ ਝੂਠੇ ਬਿਆਨ ਤੇ ਲਿਆ ਗਿਆ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।

7) ਪਿਛਲੀ ਸ਼੍ਰੇਣੀ ਵਿੱਚ ਰੀ-ਅਪੀਅਰ ਵਾਲੇ ਉਮੀਦਵਾਰ ਦਾ ਦਾਖ਼ਲਾ ਯੂਨੀਵਰਸਿਟੀ/ਬੋਰਡ ਵਲੋਂ ਨਿਰਧਾਰਤ ਨਿਯਮਾਂ ਅਤੇ ਉਪਲਬਧ ਸੀਟਾਂ ਦੇ ਆਧਾਰ ਤੇ ਹੀ ਕੀਤਾ ਜਾਵੇਗਾ।

8) ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਆਪਣੇ ਪੱਤਰ ਨੰ. ਮਿਤੀ 16-04-18 ਰਾਹੀਂ ਆਦੇਸ਼ ਦਿੱਤੇ ਹਨ ਕਿ ਸ਼ੈਸਨ 2019-20 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖ਼ਲੇ ਦੀ ਸੁਵਿਧਾ ਨਹੀਂ ਹੋਵੇਗੀ ਪਰੰਤੂ ਨਿਧਾਰਿਤ ਮਿਤੀਆਂ ਤੱਕ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਥੀਆਂ ਨੂੰ ਯੋਗਤਾ ਅਨੁਸਾਰ ਦਾਖ਼ਲਾ ਦਿੱਤਾ ਜਾ ਸਕਦਾ ਹੈ ਪਰੰਤੂ ਇਸ ਦੀ ਪ੍ਰਵਾਨਗੀ ਉਕਤ ਮਿਤੀਆਂ ਅਨੁਸਾਰ ਸਬੰਧੰਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੈ।

9) ਕਾਲਜ ਵਿਚ ਬੀ.ਏ. ਭਾਗ ਪਹਿਲਾ ਵਿਚ ਦਾਖਲਾ ਵੱਖ-ਵੱਖ ਵਿਸ਼ਿਆਂ ਦੇ ਉਪਲਬਧ ਸੀਟਾਂ ਅਤੇ ਅਧਿਆਪਕਾਂ ਦੀ ਗਿਣਤੀ ਦੇ ਆਧਾਰ ਤੇ ਕੀਤਾ ਜਾਵੇਗਾ।

10) ਕਾਲਜ ਵਿਚ ਦਾਖਲਾ ਮੈਰਿਟ ਦੇ ਆਧਾਰ ਤੇ ਦਿੱਤਾ ਜਾਂਦਾ ਹੈ। ਕਮੇਟੀ ਦੀ ਸਿਫ਼ਾਰਿਸ਼ ਉਪਰੰਤ ਪ੍ਰਿੰਸੀਪਲ ਸਾਹਿਬ ਵਲੋਂ ਦਾਖਲੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

11) ਹਰ ਸ਼੍ਰੇਣੀ ਵਿਚ ਦਾਖ਼ਲਾ ਨਵੇਂ ਦਾਖ਼ਲਾ ਫ਼ਾਰਮ ਤੇ ਹੋਵੇਗਾ, ਜੋ ਆਨਲਾਇਨ ਉਪਲੱਬਧ ਹੋਵੇਗਾ।ਇਹ ਨਿਯਮ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਉੱਤੇ ਵੀ ਲਾਗੂ ਹੋਵੇਗਾ।

12) ਦਾਖ਼ਲਾ ਫ਼ਾਰਮ ਉੱਤੇ ਮਾਤਾ/ਪਿਤਾ ਦੇ ਹਸਤਾਖਰ ਨਿਸ਼ਚਿਤ ਥਾਂ ਉੱਤੇ ਹੋਣੇ ਜ਼ਰੂਰੀ ਹਨ। ਮਾਤਾ/ਪਿਤਾ ਦੇ ਜਾਅਲੀ ਹਸਤਾਖ਼ਰ ਬਾਰੇ ਪਤਾ ਲੱਗ ਜਾਣ ਦੀ ਹਾਲਤ ਵਿਚ ਮਿਲਿਆ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

13) ਕਿਸੇ ਸ਼੍ਰੇਣੀ ਦਾ ਇਮਤਿਹਾਨ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਉਮੀਦਵਾਰ ਨੂੰ ਡਵੀਜ਼ਨ ਦੇ ਸੁਧਾਰ ਲਈ ਉਸੇ ਜਮਾਤ ਵਿਚ ਦੁਬਾਰਾ ਦਾਖ਼ਲਾ ਨਹੀਂ ਦਿੱਤਾ ਜਾ ਸਕਦਾ।

14) ਕਾਲਜ ਵਿੱਚ ਸਿਰਫ਼ ਉਹ ਕੋਰਸ / ਵਿਸ਼ੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ/ਮਾਈਗ੍ਰੇਟ ਕੀਤਾ ਜਾਵੇਗਾ, ਜਿਹੜੇ ਕੋਰਸ / ਵਿਸ਼ੇ ਕਾਲਜ ਵਿੱਚ ਪੜ੍ਹਾਏ ਜਾਂਦੇ ਹਨ।

15) ਕਾਲਜ ਪ੍ਰਿੰਸੀਪਲ ਆਪਣੀ ਡਿਸਕ੍ਰੀਸ਼ਨ ਤੇ ਕਿਸੇ ਵੀ ਉਮੀਦਵਾਰ ਨੂੰ ਕਾਲਜ ਵਿਚ ਦਾਖ਼ਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ। ਅਯੋਗ ਸਾਧਨਾਂ ਦੀ ਵਰਤੋਂ ਕਰਨ ਵਾਲੇ, ਪੜ੍ਹਾਈ ਛੱਡ ਚੁੱਕੇ ਉਮੀਦਵਾਰ, ਪ੍ਰੀਖਿਆ ਦੇਣ ਤੋਂ ਵਰਜਿਤ ਕੀਤੇ ਅਤੇ ਅਨੁਸ਼ਾਸਨਹੀਣਤਾ ਕਰਨ ਵਾਲੇ ਉਮੀਦਵਾਰਾਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

16) ਨਿਯਮਾਂ ਦੀ ਵਿਆਖਿਆ ਅਤੇ ਸੋਧ ਦਾ ਅਧਿਕਾਰ ਕਾਲਜ ਦੇ ਪ੍ਰਿੰਸੀਪਲ ਕੋਲ ਰਾਖਵਾਂ ਹੈ।

17) ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਉਮੀਦਵਾਰ ਦਾ ਫ਼ੀਸ ਭਰਨ ਤੋਂ ਪਹਿਲਾਂ ਟ੍ਰਾਇਲ ਹੋਵੇਗਾ, ਟ੍ਰਾਇਲ ਦੀ ਮਿਤੀ ਕਾਲਜ ਦੇ ਨੋਟਿਸ ਬੋਰਡ ਉੱਤੇ ਲਗਾ ਦਿੱਤੀ ਜਾਵੇਗੀ।

18) ਸਾਰੀਆਂ ਕਲਾਸਾਂ ਵਿੱਚ ਦਾਖ਼ਲਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਨਿਧਾਰਿਤ ਨਿਯਮਾਂ ਅਨੁਸਾਰ ਹੀ ਕੀਤਾ ਜਾਵੇਗਾ।

## ੲ) ਦਾਖਲੇ ਲਈ ਲੋੜੀਂਦੇ ਦਸਤਾਵੇਜ :

1. ਦਾਖਲੇ ਲਈ ਉਮੀਦਵਾਰ ਹੇਠ ਲਿਖੇ ਅਸਲ ਸਰਟੀਫਿਕੇਟ ਅਪਲੋਡ ਕਰਵਾਉਣ।

ੳ) ਜਨਮ ਮਿਤੀ ਦੇ ਸਬੂਤ ਵਜੋਂ ਦਸਵੀਂ ਸ਼੍ਰੇਣੀ ਦਾ ਪਾਸ ਸਰਟੀਫਿਕੇਟ।

ਅ) ਸਕੂਲ ਬੋਰਡ/ਯੂਨੀਵਰਸਿਟੀ ਦੀਆਂ ਪਾਸ ਕੀਤੀਆਂ ਪ੍ਰੀਖਿਆਵਾਂ ਵਿਚ ਅੰਕਾਂ ਦੇ ਵੇਰਵੇ ਵਾਲੇ ਸਰਟੀਫਿਕੇਟ (D.M.C.)

ੲ) ਉਮੀਦਵਾਰ ਨੇ ਜਿਥੋਂ ਪਿਛਲੀ ਪ੍ਰੀਖਿਆ ਪਾਸ ਕੀਤੀ ਹੋਵੇ, ਉਸ ਸੰਸਥਾ ਦੇ ਮੁਖੀ ਵਲੋਂ ਆਚਰਣ ਸਰਟੀਫਿਕੇਟ (Character Certificate) (ਗੈਪ ਕੇਸ ਵਾਲੇ ਵਿਦਿਆਰਥੀ MC ਜਾਂ ਸਰਪੰਚ ਪਾਸੋਂ ਆਚਰਣ ਸਰਟੀਫਿਕੇਟ ਜ਼ਾਰੀ ਕਰਵਾਉਣ)

ਸ) ਰਾਖਵੀਂ (Reservation) ਸ਼੍ਰੇਣੀ ਨਾਲ ਸੰਬੰਧਤ ਹੋਣ ਦਾ ਅਸਲ ਸਰਟੀਫਿਕੇਟ।

ਹ) ਪਾਤਰਤਾ (Eligibility) ਸਰਟੀਫਿਕੇਟ (ਜੇ ਲੋੜੀਂਦਾ ਹੋਵੇ)।

## ਸ) ਪੰਜਾਬੀ ਮੁੱਢਲਾ ਗਿਆਨ ਪੜ੍ਹਨ ਸੰਬੰਧੀ ਨਿਯਮ :

ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਲੈਣ ਦੀ ਆਗਿਆ ਹੋਵੇਗੀ :

ੳ) ਜਿਨ੍ਹਾਂ ਨੇ ਦਸਵੀਂ ਜਾਂ 10+2 ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰ ਸਥਿਤ ਸਕੂਲਾਂ/ਸੰਸਥਾਵਾਂ ਤੋਂ ਪਾਸ ਕੀਤੀ ਹੋਵੇ।

ਅ) ਫੌਜੀ ਕਰਮਚਾਰੀਆਂ/ਅਰਧ ਫੌਜੀ ਕਰਮਚਾਰੀਆਂ ਦੇ ਬੱਚੇ, ਜਿਨ੍ਹਾਂ ਨੇ ਸਕੂਲ ਪੱਧਰ ਤੱਕ ਪੰਜਾਬੀ ਦੀ ਪੜ੍ਹਾਈ ਨਹੀਂ ਕੀਤੀ।

ੲ) ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਲੈਣ ਦੇ ਯੋਗ ਉਮੀਦਵਾਰ ਆਪਣਾ ਹਲਫ਼ੀਆ ਬਿਆਨ ਅਤੇ ਹੋਰ ਸਬੂਤ ਦਾਖ਼ਲੇ ਤੋਂ ਤੁਰੰਤ ਬਾਅਦ ਦਫ਼ਤਰ ਵਿਚ ਜਮ੍ਹਾ ਕਰਵਾਉਣਗੇ।

ਜਿਹਨਾਂ ਉਮੀਦਵਾਰਾਂ ਨੇ 10ਵੀਂ ਜਾਂ 10+2 ਦੀ ਪ੍ਰੀਖਿਆ, ਪੰਜਾਬ ਵਿਚ ਸਥਿਤ ਕਿਸੇ ਵੀ ਸਕੂਲ/ ਬੋਰਡ/ਸੰਸਥਾ ਤੋਂ ਪਾਸ ਕੀਤੀ ਹੋਵੇ, ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਲੈਣ ਦੇ ਯੋਗ ਨਹੀਂ ਹੋਣਗੇ।

## ਹ) ਪਾਤਰਤਾ ਸੰਬੰਧੀ :

1. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ ਹੈ ਤਾਂ ਅਜਿਹੇ ਉਮੀਦਵਾਰਾਂ ਨੂੰ ਦਾਖ਼ਲਾ ਪੰਜਾਬੀ ਯੂਨੀਵਰਸਿਟੀ ਤੋਂ ਦਾਖ਼ਲਾ-ਪਾਤਰਤਾ-ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਹੀ ਦਿੱਤਾ ਜਾਵੇਗਾ।

2) ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਸੰਬੰਧਤ ਉਮੀਦਵਾਰ ਦੁਆਰਾ ਦਾਖਲਾ ਲੈਣ ਤੋਂ ਇਕ ਮਹੀਨੇ ਦੇ ਅੰਦਰ ਆਪਣਾ ਅਸਲ ਡੀ.ਐਮ.ਸੀ. ਤੇ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ ਕਾਲਜ ਦਫ਼ਤਰ ਵਿਚ ਜਮ੍ਹਾਂ ਕਰਵਾਉਣੇ ਹੋਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਯੂਨੀਵਰਸਿਟੀ ਦੁਆਰਾ ਲੇਟ ਫੀਸ ਲਈ ਜਾਂਦੀ ਹੈ, ਜਿਸ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ।

## ਕ) ਫ਼ੀਸਾਂ ਦੀ ਅਦਾਇਗੀ ਦੇ ਨਿਯਮ :

1. ਦਾਖਲ ਹੋਣ ਵਾਲੇ ਉਮੀਦਵਾਰ ਦਾਖਲੇ ਵਾਲੇ ਦਿਨ ਹੀ ਆਨ-ਲਾਈਨ ਫੀਸ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰਨਗੇ, ਫੀਸ ਨਾ ਜਮ੍ਹਾਂ ਕਰਾਉਣ ਵਾਲੇ ਉਮੀਦਵਾਰ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।

2. ਕਿਸੇ ਵੀ ਜੁਰਮਾਨੇ ਦੀ ਸੂਰਤ ਵਿੱਚ ਰਕਮ ਫੀਸ ਆਨ-ਲਾਈਨ/ਬੈਂਕ ਚਾਲਨ ਰਾਹੀਂ ਜਮ੍ਹਾਂ ਕਰਾਉਣੀ ਪਵੇਗੀ ਅਤੇ ਕਾਲਜ ਵੱਲੋਂ ਰਸੀਦ ਜਾਰੀ ਕੀਤੀ ਜਾਵੇਗੀ। ਫੀਸ ਅਤੇ ਜੁਰਮਾਨਾ ਸਮੇਂ ਸਿਰ ਨਾ ਦਿੱਤੇ ਜਾਣ ਤੇ ਕਾਲਜ-ਰੋਲ ਤੋਂ ਨਾਂ ਕੱਟ ਦਿੱਤਾ ਜਾਵੇਗਾ। ਇਸ ਸਬੰਧ ਵਿਚ ਨਾ ਤਾਂ ਦੁਬਾਰਾ ਸੂਚਨਾ ਦਿੱਤੀ ਜਾਵੇਗੀ ਅਤੇ ਨਾ ਹੀ ਦੰਡ ਦੀ ਪ੍ਰਾਰਥਨਾ ਤੇ ਵਿਚਾਰ ਕੀਤਾ ਜਾਵੇਗਾ।

3. ਫ਼ੀਸ ਜਮ੍ਹਾਂ ਕਰਵਾ ਕੇ ਵਿਦਿਆਰਥੀ ਰਸੀਦ ਪ੍ਰਾਪਤ ਕਰੇਗਾ ਅਤੇ ਬਕਾਇਆ ਰਾਸ਼ੀ ਮੌਕੇ ਤੇ ਹੀ ਪ੍ਰਾਪਤ ਕਰਨ ਦੀ ਵਿਦਿਆਰਥੀ ਦੀ ਹੀ ਜ਼ਿੰਮੇਵਾਰੀ ਹੋਵੇਗੀ।

4. ਸੈਲਫ ਫਾਈਨਾਂਸ ਕੋਰਸਾਂ ਲਈ ਫੀਸਾਂ ਸਾਲ ਵਿੱਚ ਦੋ ਵਾਰ ਜਮ੍ਹਾਂ ਕਰਵਾਉਣੀਆਂ ਪੈਣਗੀਆਂ, ਛੇ ਮਹੀਨੇ ਦੀ ਫੀਸ ਦਾਖਲੇ ਸਮੇਂ ਅਤੇ ਦੂਸਰੀ ਕਿਸ਼ਤ ਨਵੰਬਰ ਵਿੱਚ ਜਮ੍ਹਾਂ ਕਰਾਉਣੀ ਹੈ। ਜੇਕਰ ਸਰਕਾਰ ਜਾਂ ਯੂਨੀਵਰਸਿਟੀ ਵਲੋਂ ਕੋਈ ਤਬਦੀਲੀ ਕੀਤੀ ਜਾਂਦੀ ਹੈ, ਤਾਂ ਬਣਦੀ ਰਕਮ ਵਸੂਲੀ ਜਾਵੇਗੀ ਜਾਂ ਵਾਪਸ ਕੀਤੀ ਜਾਵੇਗੀ।

# ਸਰਕਾਰੀ ਰਿਪੁਦਮਨ ਕਾਲਜ, ਨਾਭਾ

## ਫ਼ੀਸ ਅਤੇ ਹੋਰ ਫੰਡ (FEES AND OTHER FUNDS)

| | | B.A-1/B.Com-1/ B.Sc-1 (Medical, Non Medical) | B.A-2/B.Com-2/ B.Sc-2 (Medical, Non Medical) | B.A-3/B.Com-3/ B.Sc-3 (Medical, Non Medical) | M.A-1 (English, Political Sci., Economics) | M.A-2 (English, Political Sci., Economics) |
|---|---|---|---|---|---|---|
| 1 | ਦਾਖ਼ਲਾ ਫ਼ੀਸ | 10 | 10 | 10 | 15 | 15 |
| 2 | ਟਿਊਸ਼ਨ ਫ਼ੀਸ (ਕੇਵਲ ਲੜਕਿਆ ਲਈ ਗ੍ਰੈਜੂਏਸ਼ਨ ਤੱਕ) | 144 | 144 | 144 | 180 | 180 |
| 3 | ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ | 3700 | 2100 | 2100 | 2100 | 2100 |
| 4 | ਕਾਲਜ ਦੇ ਸਾਲਾਨਾ ਫੰਡਜ | 697 | 697 | 697 | 697 | 697 |
| 5 | ਯੂਨੀਵਰਸਿਟੀ ਪ੍ਰੀਖਿਆ ਫ਼ੀਸ (ਦੋਨੋ ਸਮੈਸਟਰ) | 3200 | 3200 | 3200 | 3200 | 3200 |
| 6 | ਪ੍ਰੀਖਿਆ ਫਾਰਮ ਫ਼ੀਸ (ਦੋਨੋ ਸਮੈਸਟਰ) | 240 | 240 | 240 | 240 | 240 |
| 7 | ਲਾਇਬਰੇਰੀ ਸਕਿਊਰਟੀ ਕੇਵਲ ਨਵੇਂ ਦਾਖ਼ਲੇ ਲਈ | 150 | | | 150 | |
| 8 | ਪੀ.ਟੀ. ਏ ਫੰਡ | 2010 | 2000 | 2000 | 2010 | 2000 |
| 9 | ਪ੍ਰਾਸਪੈਕਟ ਫ਼ੀਸ | 50 | 50 | 50 | 50 | 50 |
| | ਕੁੱਲ ਫ਼ੀਸ (ਲੜਕਿਆਂ ਲਈ) | 10201/- | 8441/- | 8441/- | 8642/- | 8482/- |
| | ਕੁੱਲ ਫ਼ੀਸ (ਲੜਕੀਆਂ ਲਈ) | 10057/- | 8297/- | 8297/- | 8642/- | 8482/- |
| 10 | ਮਾਈਗਰੇਸ਼ਨ ਫ਼ੀਸ ਪੰਜਾਬ ਤੋਂ ਬਾਹਰਲੇ ਆਏ ਬੋਰਡਾਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਲਾਵਾ ਆਏ ਵਿਦਿਆਰਥੀਆਂ ਲਈ | 170 | 170 | 170 | 170 | 170 |
| 11 | ਸਾਈਕਲ ਫੰਡ | 120 | 120 | 120 | 120 | 120 |

**ਪ੍ਰੈਕਟੀਕਲ ਫੀਸਾਂ : ਇਸ ਤੋਂ ਇਲਾਵਾ ਪ੍ਰੈਕਟੀਕਲ ਵਿਸ਼ੇ ਲਈ ਫ਼ੀਸ ਨਿਮਨ ਅਨੁਸਾਰ ਲਈ ਜਾਵੇਗੀ।**

**ਯੂਨੀਵਰਸਿਟੀ ਦੀ ਪ੍ਰੈਕਟੀਕਲ ਵਿਸ਼ੇ ਦੀ ਫੀਸ : ਸਿਰਫ 1100/- (ਭਾਵੇ ਪ੍ਰੈਕਟੀਕਲ ਵਿਸ਼ਾ ਇੱਕ ਜਾ ਇੱਕ ਤੋਂ ਵੱਧ ਹੋਵੇ)**

1. **ਬੀ.ਐਸ.ਸੀ ਭਾਗ-I, II, III (ਮੈਡੀਕਲ) = 288/-**
2. **ਬੀ.ਐਸ.ਸੀ ਭਾਗ-I, II, III (ਨਾਨ-ਮੈਡੀਕਲ) = 204/-**

**ਨੋਟ : ਫ਼ੀਸ ਵਿੱਚ ਤਬਦੀਲੀ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।**

# ਸਰਕਾਰੀ ਰਿਪੁਦਮਨ ਕਾਲਜ, ਨਾਭਾ

## ਫ਼ੀਸ ਸ਼ਡਿਊਲ (2025-26)

| ਲੜੀ ਨੰ. | ਕਲਾਸ | | ਪ੍ਰਾਸਪੈਕਟ | ਟਿਊਸ਼ਨ ਫ਼ੀਸ | ਇੰਸਟੀਚਿਊਟ ਫੰਡ | ਅਮਲਗਮੇਟਿਡ ਫੰਡ | ਲੈਬ ਫੰਡ | ਸਕਿਊਰਟੀ ਫ਼ੀਸ | ਯੂਨੀ. ਫ਼ੀਸ (ਰਜਿਸਟ੍ਰੇਸ਼ਨ, ਨਿਰੰਤਰਤਾ ਅਤੇ ਹੋਰ ਫੰਡ) | ਪੀ.ਟੀ.ਏ | ਲਾਇਬ੍ਰੇਰੀ ਡਿਵੈਲਪਮੈਂਟ ਫੰਡ | ਯੂਨੀ. ਪ੍ਰੀਖਿਆ ਫ਼ੀਸ | ਯੂਨੀ. ਆਨਲਾਈਨ ਪੋਰਟਲ ਫ਼ੀਸ | ਸਾਈਕਲ ਫੰਡ | ਕੁੱਲ ਫ਼ੀਸ | ਸਲਾਨਾ |
|---|---|---|---|---|---|---|---|---|---|---|---|---|---|---|---|---|
| 1. | ਪੀ.ਜੀ.ਡੀ.ਸੀ.ਏ (ਪਹਿਲੀ ਕਿਸ਼ਤ) | ਲੜਕੇ | 50 | 483 | 1973 | 1208 | 1973 | 1150 | 2100 | 1010 | 100 | 3040 | | | 13087 | 22764 |
| 2. | ਪੀ.ਜੀ.ਡੀ.ਸੀ.ਏ (ਦੂਜੀ ਕਿਸ਼ਤ) | ਲੜਕੇ | | 483 | 1973 | 1208 | 1973 | | | 1000 | | 3040 | | | 9677 | |
| 3. | ਪੀ.ਜੀ.ਡੀ.ਸੀ.ਏ (ਪਹਿਲੀ ਕਿਸ਼ਤ) | ਲੜਕੀਆਂ | 50 | 242 | 1973 | 1208 | 1973 | 1150 | 2100 | 1010 | 100 | 3040 | | | 12846 | 22282 |
| 4. | ਪੀ.ਜੀ.ਡੀ.ਸੀ.ਏ (ਦੂਜੀ ਕਿਸ਼ਤ) | ਲੜਕੀਆਂ | | 242 | 1973 | 1208 | 1973 | | | 1000 | | 3040 | | | 9436 | |
| 5. | ਬੀ.ਸੀ.ਏ-1 (ਪਹਿਲੀ ਕਿਸ਼ਤ) | ਲੜਕੇ | 50 | 657 | 3280 | 1638 | 3280 | 1150 | 3530 | 1010 | 100 | 2270 | 170 | | 17135 | 29260 |
| 6. | ਬੀ.ਸੀ.ਏ-1 (ਦੂਜੀ ਕਿਸ਼ਤ) | ਲੜਕੇ | | 657 | 3280 | 1638 | 3280 | | | 1000 | | 2270 | | | 12125 | |
| 7. | ਬੀ.ਸੀ.ਏ-1 (ਪਹਿਲੀ ਕਿਸ਼ਤ) | ਲੜਕੀਆਂ | 50 | 329 | 3280 | 1638 | 3280 | 1150 | 3530 | 1010 | 100 | 2270 | 170 | | 16807 | 28604 |
| 8. | ਬੀ.ਸੀ.ਏ-1 (ਦੂਜੀ ਕਿਸ਼ਤ) | ਲੜਕੀਆਂ | | 329 | 3280 | 1638 | 3280 | | | 1000 | | 2270 | | | 11797 | |
| 9. | ਬੀ.ਸੀ.ਏ-2 ਅਤੇ 3 (ਪਹਿਲੀ ਕਿਸ਼ਤ) | ਲੜਕੇ | 50 | 657 | 3280 | 1638 | 3280 | | 2100 | 1000 | 100 | 2270 | | | 14375 | 26500 |
| 10. | ਬੀ.ਸੀ.ਏ-2 ਅਤੇ 3 (ਦੂਜੀ ਕਿਸ਼ਤ) | ਲੜਕੇ | | 657 | 3280 | 1638 | 3280 | | | 1000 | | 2270 | | | 12125 | |
| 11. | ਬੀ.ਸੀ.ਏ-2 ਅਤੇ 3 (ਪਹਿਲੀ ਕਿਸ਼ਤ) | ਲੜਕੀਆਂ | 50 | 329 | 3280 | 1638 | 3280 | | 2100 | 1000 | 100 | 2270 | | | 14047 | 25844 |
| 12. | ਬੀ.ਸੀ.ਏ-2 ਅਤੇ 3 (ਦੂਜੀ ਕਿਸ਼ਤ) | ਲੜਕੀਆਂ | | 329 | 3280 | 1638 | 3280 | | | 1000 | | 2270 | | | 11797 | |
| 13. | ਐਮ.ਐਸ.ਸੀ. ਆਈ.ਟੀ (ਲੇਟਰਲ)-1 | ਲੜਕੇ | 50 | 1035 | 5111 | 2553 | 5111 | 1150 | 2100 | 1010 | 100 | 2270 | | | 20490 | 37570 |
| 14. | ਐਮ.ਐਸ.ਸੀ. ਆਈ.ਟੀ (ਲੇਟਰਲ)-2 | ਲੜਕੇ | | 1035 | 5111 | 2553 | 5111 | | | 1000 | | 2270 | | | 17080 | |
| 15. | ਐਮ.ਐਸ.ਸੀ. ਆਈ.ਟੀ (ਲੇਟਰਲ)-1 | ਲੜਕੀਆਂ | 50 | 1035 | 5111 | 2553 | 5111 | 1150 | 2100 | 1010 | 100 | 2270 | | | 20490 | 37570 |
| 16. | ਐਮ.ਐਸ.ਸੀ. ਆਈ.ਟੀ (ਲੇਟਰਲ)-2 | ਲੜਕੀਆਂ | | 1035 | 5111 | 2553 | 5111 | | | 1000 | | 2270 | | | 17080 | |

ਪੰਜਾਬ ਬੋਰਡ ਤੋਂ ਇਲਾਵਾ ਕਿਸੇ ਹੋਰ ਬੋਰਡ ਤੋਂ ਪਾਸ ਲਈ 170/- ਰੁਪਏ ਮਾਈਗ੍ਰੇਸ਼ਨ ਫ਼ੀਸ ਹੋਵੇਗੀ।

ਸਕੂਟਰ ਜਾਂ ਸਾਈਕਲ ਲਈ 120/- ਰੁਪਏ ਅਲੱਗ ਤੋਂ ਲੱਗਣਗੇ।

ਨੋਟ : ਫ਼ੀਸ ਵਿੱਚ ਤਬਦੀਲੀ ਪੰਜਾਬ ਸਰਕਾਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ।

ਪ੍ਰਿੰਸੀਪਲ
ਸਰਕਾਰੀ ਰਿਪੁਦਮਨ ਕਾਲਜ
ਨਾਭਾ

# 4) ਵਿਸ਼ਾ ਬਦਲੀ

1. ਬੀ.ਏ. ਭਾਗ ਪਹਿਲਾ ਵਿਚ ਦਾਖਲਾ ਹੋਣ ਤੋਂ ਚਾਰ ਹਫ਼ਤੇ ਦੇ ਸਮੇਂ ਅੰਦਰ ਲੋੜ ਪੈਣ ਤੇ ਵਿਦਿਆਰਥੀ ਇੱਕ ਚੋਣਵਾਂ ਵਿਸ਼ਾ ਬਦਲ ਸਕਦਾ ਹੈ, ਪਰ ਫੈਕਲਟੀ ਨਹੀਂ ਬਦਲ ਸਕਦਾ। ਇਹ ਵਿਸ਼ਾ ਬਦਲੀ ਕੇਵਲ ਪ੍ਰਾਪਤ ਸੀਟਾਂ ਅਤੇ ਮੈਰਿਟ ਦੇ ਆਧਾਰ ਤੇ ਹੋ ਸਕਦੀ ਹੈ। ਬਦਲੇ ਵਿਸ਼ੇ ਕਾਲਜ ਵਿੱਚ ਚਲ ਰਹੇ ਜੁੱਟਾਂ ਦੇ ਆਧਾਰ ਤੇ ਹੀ ਹੋਣਗੇ (ਵਿਸ਼ਾ ਬਦਲੀ ਫਾਰਮ ਦਫਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ)
2. ਇਕ ਚੋਣਵਾਂ ਵਿਸ਼ਾ ਬਦਲਣ ਦੀ ਵਿਵਸਥਾ ਸਿਰਫ ਬੀ.ਏ. ਭਾਗ ਦੂਜਾ ਤੱਕ ਹੀ ਸੀਮਤ ਹੋਵੇਗੀ, ਭਾਵ ਬੀ.ਏ. ਭਾਗ ਤੀਜਾ ਵਿੱਚ ਪੜ੍ਹ ਰਿਹਾ ਵਿਦਿਆਰਥੀ ਚੋਣਵਾਂ ਵਿਸ਼ਾ ਨਹੀਂ ਬਦਲ ਸਕਦਾ ਹੈ।

# 5) ਛੁੱਟੀ ਲੈਣ ਸੰਬੰਧੀ

1. ਕਾਲਜ ਤੋਂ 7 ਦਿਨ ਤੱਕ ਦੀ ਛੁੱਟੀ ਦੀ ਅਰਜ਼ੀ ਸੰਬੰਧਿਤ ਟਿਊਟਰ ਦੀ ਸਿਫ਼ਾਰਿਸ਼ ਸਹਿਤ ਕਾਲਜ ਦਫ਼ਤਰ ਵਿੱਚ ਦਿੱਤੀ ਜਾਵੇ।
2. ਛੁੱਟੀ ਲੈਣ ਦਾ ਮਤਲਬ ਕੇਵਲ ਇੰਨਾ ਹੀ ਹੈ ਕਿ ਉਸ ਨੂੰ ਗੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਮਤਲਬ ਲੈਕਚਰਾਂ ਵਿੱਚ ਲੋੜੀਂਦੀ ਘੱਟੋ-ਘੱਟ ਹਾਜ਼ਰੀ ਨਹੀਂ ਹੈ।
4. ਕਾਲਜ ਨਾਲ ਸੰਬੰਧਿਤ ਕਿਸੇ ਵੀ ਸਰਗਰਮੀ/ਮੁਕਾਬਲੇ/ਕੈਂਪ ਆਦਿ ਵਿੱਚ ਭਾਗ ਲੈਣ ਵਾਸਤੇ ਭੇਜੇ ਗਏ ਵਿਦਿਆਰਥੀ ਉਸ ਸਰਗਰਮੀ ਦੇ ਇੰਚਾਰਜ-ਪ੍ਰੋਫੈਸਰ ਸਾਹਿਬਾਨ ਦੀ ਸਿਫ਼ਾਰਿਸ਼ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਵਾਉਣ ਲਈ ਟਿਊਟਰ ਰਾਹੀਂ ਦਫ਼ਤਰ ਵਿੱਚ ਦੇਣ। ਮਨਜ਼ੂਰ ਸ਼ੁਦਾ ਛੁੱਟੀ ਤੋਂ ਬਿਨਾਂ ਹਾਜ਼ਰੀਆਂ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ।
5. ਕਾਲਜ ਵਿੱਚ ਵਿਦਿਆਰਥੀਆਂ ਲਈ ਐਕਸ ਇੰਡੀਆ ਲੀਵ (ਵਿਦੇਸ਼ੀ ਛੁੱਟੀ) ਦੀ ਮਨਜੂਰੀ ਉਪਲੱਬਧ ਨਹੀਂ ਹੈ।

# 6) ਸਰਕਾਰੀ ਵਜ਼ੀਫ਼ਿਆਂ ਸੰਬੰਧੀ

**ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ., ਬੀ.ਸੀ. ਵਿਦਿਆਰਥੀ :**

1. ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਦਾਖ਼ਲਾ ਫ਼ੀਸ ਅਤੇ ਹੋਰ ਫੰਡ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਹੀ ਲਏ ਜਾਣਗੇ।
2. ਦਾਖ਼ਲਾ ਲੈਣ ਵਾਲੇ ਐਸ.ਸੀ./ਐਸ.ਟੀ. ਵਿਦਿਆਰਥੀ ਦੀ ਪਰਿਵਾਰਿਕ ਸਾਲਾਨਾ ਆਮਦਨ 2.5 ਲੱਖ ਰੁਪਏ ਤੱਕ ਹੋਵੇ।
3. ਫ਼ੀਸ ਮਆਫੀ ਦੇ ਯੋਗ ਵਿਦਿਅਰਥੀਆਂ ਨੂੰ ਪੰਜਾਬ ਸਰਕਾਰ ਤੋਂ ਫਰੀਸ਼ਿਪ ਕਾਰਡ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
4. ਵਿਦਿਆਰਥੀ ਨੂੰ ਪੰਜਾਬ ਸਰਕਾਰ ਦੇ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਤੇ ਆਨਲਾਈਨ ਅਪਲਾਈ ਕਰਨਾ ਲਾਜ਼ਮੀ ਹੋਵੇਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਤੋਂ ਪੂਰੀ ਫ਼ੀਸ ਵਸੂਲ ਕੀਤੀ ਜਾਵੇਗੀ।

**ਜ਼ਰੂਰੀ ਦਸਤਾਵੇਜ਼ :**

1. ਆਨਲਾਈਨ ਅਪਲਾਈ ਕੀਤਾ ਫਾਰਮ ਅਤੇ ਪਾਸਪੋਰਟ ਸਾਈਜ਼ ਫੋਟੋ।
2. ਫ੍ਰੀਸ਼ਿਪਕਾਰਡ
3. OTR ਦੀ ਕਾਪੀ
4. ਆਮਦਨ ਸਰਟੀਫਿਕੇਟ (ਅਸਲ)
5. ਜਾਤੀ ਸਰਟੀਫਿਕੇਟ ਦੀ ਕਾਪੀ
6. ਮੈਟ੍ਰਿਕ ਸਰਟੀਫਿਕੇਟ ਦੀ ਕਾਪੀ
7. +2 ਸਰਟੀਫਿਕੇਟ ਦੀ ਕਾਪੀ
8. ਆਖਰੀ ਨਤੀਜਾ (ਰਿਜਲਟ) ਦੀ ਕਾਪੀ (ਜੇਕਰ ਤੀਜਾ ਸਾਲ ਹੈ ਤਾਂ ਪਹਿਲੇ ਅਤੇ ਦੂਜੇ ਸਾਲ ਦੇ ਸਾਰੇ ਰਿਜਲਟ)
9. ਸੰਬੰਧਿਤ ਵਿਦਿਆਰਥੀ ਦਾ ਬੈਂਕ ਅਕਾਊਂਟ ਦੀ ਕਾਪੀ (ਬੈਂਕ ਖਾਤਾ ਅਧਾਰ ਕਾਰਡ ਨਾਲ ਸੀਡਿਡ ਹੋਣਾ ਜ਼ਰੂਰੀ ਹੈ ਤੇ ਬੈਂਕ ਖਾਤਾ ਮਾਤਾ-ਪਿਤਾ ਦਾ ਨਹੀਂ ਹੋਣਾ ਚਾਹੀਦਾ।

10. ਵਿਦਿਆਰਥੀ ਦਾ ਅਧਾਰ ਕਾਰਡ

11. ਮਾਤਾ-ਪਿਤਾ ਦਾ ਅਧਾਰ ਕਾਰਡ ਜੇਕਰ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਤਾਂ ਸਰਪ੍ਰਸਤ ਮੈਂਬਰ ਦੀ ਅਧਾਰ ਕਾਰਡ ਦੀ ਕਾਪੀ ਜਿਵੇਂ ਕਿ ਦਾਦਾ-ਦਾਦੀ, ਨਾਨਾ-ਨਾਨੀ ਨਾਲ ਹੀ ਐਫੀਡੈਵਿਟ ਦੀ ਕਾਪੀ ਜਿਸ ਵਿੱਚ ਸਪੱਸ਼ਟ ਕੀਤਾ ਜਾਵੇ ਕਿ ਸਰਪ੍ਰਸਤ ਵੱਲੋਂ ਆਮਦਨ ਸਰਟੀਫਿਕੇਟ ਲਗਾਇਆ ਹੈ ਅਤੇ ਉਨ੍ਹਾਂ ਦੇ ਹੀ ਅਧਾਰ ਕਾਰਡ ਲੱਗੇ ਹੋਏ ਹਨ।

12. ਅੰਡਰਟੇਕਿੰਗ (ਅਸਲੀ) ਜੋ ਸੰਬੰਧਿਤ ਵਿਦਿਆਰਥੀ ਵੱਲੋਂ ਆਨ-ਲਾਈਨ ਸਮੇਂ ਅਪਲੋਡ ਕੀਤੀ ਗਈ ਹੈ।

13. ਸੰਬੰਧਿਤ ਵਿਦਿਆਰਥੀ ਦੀ ਮੁਖੀ ਵੱਲੋਂ ਤਸਦੀਕਸ਼ੁਦਾ ਹਾਜ਼ਰੀ ਰਜਿਸਟਰ ਦੀ ਕਾਪੀ (ਕੇਵਲ ਰੈਗੂਲਰ ਵਿਦਿਆਰਥੀਆਂ ਲਈ)

14. ਸੰਬੰਧਿਤ ਵਿਦਿਆਰਥੀ ਦੇ ਕਾਲਜ ਵੱਲੋਂ ਜਾਰੀ ਆਈ.ਡੀ. ਕਾਰਡ ਦੀ ਫੋਟੋ ਕਾਪੀ।

15. ਵਿਦਿਆਰਥੀ ਵੱਲੋਂ ਐਡਮੀਸ਼ਨ ਸਮੇਂ ਭਰੀ ਗਈ ਫੀਸ ਦੀ ਫੋਟੋ ਕਾਪੀ।

16. ਕਾਲਜ ਵੱਲੋਂ ਜਾਰੀ ਆਨਲਾਈਨ ਰੋਲ ਨੰਬਰ ਦੀ ਕਾਪੀ।

17. ਜੇਕਰ ਵਿਦਿਆਰਥੀ ਦਾ ਕੇਸ ਰਿਨਿਊਲ ਹੈ ਤਾਂ ਪਿਛਲੇ ਸਾਲ ਅਪਲਾਈ ਕੀਤੇ ਆਨਲਾਈਨ ਫਾਰਮ ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਵੇ।

18. ਰਿਹਾਇਸ਼ੀ ਸਰਟੀਫਿਕੇਟ ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਵੇ। (ਰਿਹਾਇਸ਼ੀ ਸਰਟੀਫਿਕੇਟ 5 ਸਾਲ ਤੋਂ ਵੱਧ ਪੁਰਾਣਾ ਨਹੀਂ ਹੋਣਾ ਚਾਹੀਦਾ।)

**ਮੁੱਖ ਮੰਤਰ ਵਜ਼ੀਫਾ ਸਕੀਮ :**

ਮੁੱਖ ਮੰਤਰੀ ਵਜ਼ੀਫਾ ਸਕੀਮ ਪੰਜਾਬ ਸਰਕਾਰ ਦੁਆਰਾ ਲਾਗੂ ਕੀਤੀ ਗਈ ਹੈ। ਇਸ ਸਕਾਲਰਸ਼ਿਪ ਦਾ ਲਾਭ ਹਰ ਵਿਦਿਆਰਥੀ ਲੈ ਸਕਦਾ ਹੈ। ਸਕਾਲਸ਼ਿਪ ਸੰਬੰਧੀ ਯੋਗਤਾਵਾਂ ਦਾ ਮਾਪਦੰਡ/ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :

1. ਇਸ ਸਕਾਲਰਸ਼ਿਪ ਕੇਵਲ ਯੂਨੀਵਰਸਿਟੀ ਪ੍ਰੀਖਿਆ ਫ਼ੀਸ ਵਿੱਚ ਹੀ ਦਿੱਤੀ ਜਾਵੇਗੀ।
2. ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ ਆਉਣ ਵਾਲੇ ਨੰਬਰਾਂ ਦੇ ਅਧਾਰ ਤੇ ਹੀ ਇਹ ਸਕਾਲਰਸ਼ਿਪ ਦਿੱਤੀ ਜਾਵੇਗੀ।
3. ਇਹ ਸਕੀਮ ਪਿਛਲੀ ਪ੍ਰੀਖਿਆ ਵਿੱਚ 60% ਜਾਂ ਉਸ ਤੋਂ ਉਪਰ ਨੰਬਰ ਲੈਣ ਵਾਲੇ ਵਿਦਿਆਰਥੀਆਂ ਲਈ ਲਾਗੂ ਹੋਵੇਗੀ।

ਨੋਟ : ਵਿਦਿਆਰਥੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਹੋਰ ਸਕੀਮ ਅਧੀਨ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ।

# 7) ਫੀਸ ਮੁਆਫੀ

1. ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਈ ਕਾਲਜ ਵਿੱਚ ਸੀਮਿਤ ਮਾਤਰਾ ਵਿੱਚ ਫ਼ੀਸ ਮੁਆਫ ਕਰਨ ਦਾ ਪ੍ਰਬੰਧ ਹੈ। ਇਸ ਸੰਬੰਧ ਵਿਚ ਅਰਜ਼ੀ ਉੱਤੇ ਪਿਤਾ/ ਮਾਤਾ/ ਸਰਪ੍ਰਸਤ ਦੇ ਹਸਤਾਖਰ ਕਰਵਾ ਕੇ ਅਰਜ਼ੀ ਕਾਲਜ ਦਫ਼ਤਰ ਵਿਚ ਦੇਣੀ ਪਵੇਗੀ।
2. ਫੀਸ ਕੇਵਲ ਉਸੇ ਹਾਲਤ ਵਿਚ ਮੁਆਫ ਹੋ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਬਕਾਇਦਾ ਹਾਜ਼ਰ ਰਹਿੰਦਾ ਹੈ, ਪੜ੍ਹਾਈ ਵਿੱਚ ਸੰਤੋਸ਼ਜਨਕ ਪ੍ਰਗਤੀ ਵਿਖਾਉਂਦਾ ਹੈ ਅਤੇ ਕਾਲਜ ਦੀ ਘਰੇਲੂ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ ਫ਼ੀਸ ਮੁਆਫੀ ਵਾਪਸ ਲਈ ਜਾ ਸਕਦੀ ਹੈ, ਜਿਸ ਦੇ ਵਿਵਹਾਰ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਹੋਵੇ, ਉਹ ਪੜ੍ਹਾਈ ਵਿਚ ਬੇਨਿਯਮੀ ਤੇ ਅਣਗਹਿਲੀ ਕਰਦਾ ਹੋਵੇ ਜਾਂ ਵਿਨਾਸ਼ਕ ਕੰਮਾਂ ਵਿਚ ਭਾਗ ਲੈਂਦਾ ਹੋਵੇ।

# 8) ਰਾਖਵਾਂਕਰਣ :

## ਦਾਖ਼ਲੇ ਲਈ ਰਾਖਵੀਆਂ ਸੀਟਾਂ

**1. ਰਾਖਵੀਆਂ ਸੀਟਾਂ ਦਾ ਦਾਖ਼ਲਾ –**

ਪੰਜਾਬ ਸਰਕਾਰ ਦੇ ਰਾਖਵੇਕਰਨ ਦੀ ਨੀਤੀ ਅਨੁਸਾਰ ਹੋਵੇਗਾ ਜੋ ਕਿ ਪੰਜਾਬ ਸਰਕਾਰ ਦੇ ਦਾਖ਼ਲਾ ਪੋਰਟਲ https:/admision.punjab.gov.in ਉੱਪਰ ਉਪਲੱਬਧ ਹੈ। Seat Matrix ਹੇਠ ਲਿਖੇ ਅਨੁਸਾਰ ਹੈ :-

| Course Name | Total | GEN | SC | BC | ESM | | | | PWD | FF | Sports | | |
|---|---|---|---|---|---|---|---|---|---|---|---|---|---|
| | | | | | GEN | SC | BC | TOTAL | | | GEN | SC | TOTAL |
| B COM (Regular) | 69 | 36 | 14 | 6 | 5 | 2 | 1 | 8 | 2 | 1 | 1 | 1 | 2 |
| B SC (Medical) (Regular) | 58 | 30 | 12 | 5 | 4 | 1 | 1 | 6 | 2 | 1 | 1 | 1 | 2 |
| B SC (Non-Medical) (Regular) | 58 | 30 | 12 | 5 | 4 | 1 | 1 | 6 | 2 | 1 | 1 | 1 | 2 |
| BA (Regular) | 1000 | 520 | 200 | 80 | 70 | 40 | 20 | 130 | 30 | 10 | 20 | 10 | 30 |
| BCA (Self Financed) | 58 | 30 | 12 | 5 | 4 | 1 | 1 | 6 | 2 | 1 | 1 | 1 | 2 |
| MA ECONOMICS (Regular) | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| MA ENGLISH (Regular) | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| MA POLITICAL SCIENCE (Regular) | 40 | 21 | 8 | 3 | 3 | 2 | 1 | 6 | 1 | 0 | 1 | 0 | 1 |
| Post Graduate Diploma in Computer Application (Self Financed) | 80 | 42 | 16 | 6 | 6 | 3 | 1 | 10 | 2 | 1 | 2 | 1 | 3 |
| M.SC (IT) Lateral Entry (Self Financed) | 40 | 21 | 8 | 3 | 3 | 2 | 1 | 6 | 1 | 0 | 1 | 0 | 1 |

**ਵਾਧੂ ਸੀਟਾਂ ਸੰਬੰਧੀ ਨੋਟ :** ਹਰੇਕ ਕੋਰਸ ਦੀਆਂ ਸੀਟਾਂ ਦਾ 10% (ਵਾਧੂ ਸੀਟਾਂ) ਪੇਂਡੂ ਖੇਤਰ ਦੇ ਸਕੂਲਾਂ ਤੋਂ ਪੜ੍ਹਨ ਵਾਲੇ ਵਿਦਿਆਰਥੀ ਲਈ ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਉਪਲੱਬਧ ਹਨ।

**2. ਪੇਂਡੂ ਖੇਤਰ ਦੇ ਸਕੂਲਾਂ ਤੋਂ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਦਾਖ਼ਲਾ ਲੈਣ ਸੰਬੰਧੀ ਹਦਾਇਤਾਂ –**

ੳ) ਅਜਿਹੇ ਉਮੀਦਵਾਰਾਂ ਲਈ ਅਖੀਰਲੀ ਪ੍ਰੀਖਿਆ ਤੋਂ ਪਹਿਲਾਂ ਘੱਟੋ-ਘੱਟ **ਪੰਜ ਸਾਲ** ਲਈ ਪੇਂਡੂ ਖੇਤਰ ਦੇ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੋਵੇਗਾ।

ਅ) ਉਮੀਦਵਾਰ ਨੇ ਦਸਵੀਂ/10+2 ਦੀ ਪ੍ਰੀਖਿਆ ਕਿਸੇ ਅਜਿਹੇ ਪੇਂਡੂ ਸਕੂਲ ਤੋਂ ਪਾਸ ਕੀਤੀ ਹੋਵੇ ਜਿਹੜਾ ਸਕੂਲ ਕਿਸੇ ਮਿਊਂਸੀਪਲ ਕਾਰਪੋਰੇਸ਼ਨ/ਮਿਊਂਸੀਪਲ ਕਮੇਟੀ/ਸਮਾਲ ਟਾਊਨ/ਨੋਟੀਫਾਈਡ ਏਰੀਆ ਦੇ ਘੇਰੇ ਵਿੱਚ ਨਾ ਆਉਂਦਾ ਹੋਵੇ।

ੲ) ਸੰਬੰਧਤ ਖੇਤਰ ਦੇ ਤਹਿਸੀਲਦਾਰ/DDPO/BDPO ਤੋਂ ਇਹ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ ਕਿ ਉਸ ਨੇ ਦਸਵੀਂ/10+2 ਦੀ ਪ੍ਰੀਖਿਆ ਜਿਸ ਸਕੂਲ ਵਿੱਚੋਂ ਪਾਸ ਕੀਤੀ ਹੈ, ਉਹ ਸਕੂਲ ਪੇਂਡੂ ਖੇਤਰ ਵਿੱਚ ਹੈ।

ਸ) ਨਿਰਧਾਰਿਤ ਪ੍ਰਫਾਰਮਾ, ਜੋ ਕਾਲਜ ਦੀ ਵੈਬਸਾਈਟ ਤੇ ਉਪਲੱਬਧ ਹੈ, ਇੰਟਰਵਿਊ ਦੇ ਸਮੇਂ ਭਰ ਕੇ ਦਿੱਤਾ ਜਾਣਾ ਲਾਜ਼ਮੀ ਹੈ।

**3. ਸਪੋਰਟਸ ਕੈਟਾਗਰੀ ਦੇ ਅਧੀਨ ਦਾਖ਼ਲਾ ਲੈਣ ਸੰਬੰਧੀ ਹਦਾਇਤਾਂ –**

ੳ) ਖੇਡਾਂ ਦੇ ਆਧਾਰ ਤੇ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਖੇਡਾਂ ਦੇ ਸਰਟੀਫਿਕੇਟ ਦੀ ਗਰੇਡੇਸ਼ਨ ਅਨੁਸਾਰ ਪਹਿਲ ਦਿੱਤੀ ਜਾਵੇਗੀ।

ਅ) ਜੇ ਵਿਦਿਆਰਥੀ ਕੋਲ ਗਰੇਡੇਸ਼ਨ ਨਹੀਂ ਹੈ ਤਾਂ ਵਿਦਿਆਰਥੀ ਦਾ ਦਾਖ਼ਲਾ ਐਗਜ਼ੈਕਟਿਵ ਮੈਜਿਸਟ੍ਰੇਟ ਦਾ ਐਫੀਡੇਵਿਟ ਪੇਸ਼ ਕਰਨ ਦੇ ਆਧਾਰ ਤੇ ਹੋਵੇਗਾ।

ੲ) ਦਾਖ਼ਲਾ ਖੇਡਾਂ ਦੇ ਸਰਟੀਫਿਕੇਟ ਦੀ ਮੈਰਿਟ ਦੇ ਆਧਾਰ ਉੱਤੇ ਹੀ ਹੋਵੇਗਾ।

# 9) ਹਾਜ਼ਰੀਆਂ ਅਤੇ ਜ਼ੁਰਮਾਨੇ

ਕਾਲਜ ਵਿੱਚ ਦਾਖਲ ਹੋਏ ਸਮੂਹ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਬਣਨ ਲਈ ਹਰ ਪਰਚੇ ਜਾਂ ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਜ਼ਰੂਰੀ ਹਨ। ਮਾਪਿਆਂ/ ਸਰਪ੍ਰਸਤਾਂ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਬਾਰੇ ਪੂਰਾ ਧਿਆਨ ਰੱਖਣ। ਜੇਕਰ ਕਿਸੇ ਵਿਦਿਆਰਥੀ ਦੇ ਮਾਤਾ/ਪਿਤਾ/ਸਰਪ੍ਰਸਤ ਨੂੰ ਕਿਸੇ ਵੇਲੇ ਕਾਲਜ ਵਿਖੇ ਬੁਲਾਇਆ ਜਾਂਦਾ ਹੈ ਤਾਂ ਉਹ ਸਬੰਧਿਤ ਅਧਿਕਾਰੀਆਂ ਨੂੰ ਜ਼ਰੂਰ ਮਿਲਣ। ਸਾਲ ਦੇ ਅਖ਼ੀਰ ਵਿੱਚ ਜਿਹੜੇ ਵਿਦਿਆਰਥੀਆਂ ਦੇ ਲੈਕਚਰ ਘੱਟ ਹੋਣਗੇ ਉਨ੍ਹਾਂ ਨੂੰ ਕਾਲਜ ਵੱਲੋਂ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀ ਕਿਸੇ ਪੀਰੀਅਡ ਜਾਂ ਪੂਰਾ ਦਿਨ ਗੈਰ ਹਾਜ਼ਰ ਰਹਿੰਦੇ ਹਨ, ਉਹ 1/- ਰੁ: ਪ੍ਰਤੀ ਦਿਨ ਜੁਰਮਾਨੇ ਦੇ ਭਾਗੀ ਹੁੰਦੇ ਹਨ। ਟਿਊਟੋਰੀਅਲ ਗਰੁੱਪ ਦੀ ਮੀਟਿੰਗ ਵਿੱਚ ਗੈਰ ਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ। **ਕੋਈ ਵਿਦਿਆਰਥੀ ਜੇਕਰ ਦਸ ਦਿਨ ਲਗਾਤਾਰ ਕਲਾਸ ਵਿੱਚੋਂ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਂ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ, ਮੁੜ ਦਾਖ਼ਲਾ 10 ਦਿਨਾਂ ਦੇ ਅੰਦਰ-ਅੰਦਰ ਕਰਵਾਉਣਾ ਹੋਵੇਗਾ ਅਤੇ ਮੁੜ ਦਾਖਲੇ ਸੰਬੰਧੀ ਫੈਸਲਾ ਪ੍ਰਿੰਸੀਪਲ ਸਾਹਿਬ ਦੇ ਵਿਸ਼ੇਸ਼ ਅਧਿਕਾਰ ਵਿੱਚ ਹੋਵੇਗਾ।**

ਐਮ.ਏ./ਪੀ.ਜੀ.ਡੀ.ਸੀ.ਏ./ਬੀ.ਸੀ.ਏ./ਬੀ.ਕਾਮ./ਬੀ.ਐਸ.ਸੀ. ਲਈ ਕਾਲਜ ਵੱਲੋਂ ਭੇਜੇ ਜਾਂਦੇ ਇੰਟਰਨਲ ਅਸੈਸਮੈਂਟ ਦੇ ਅੰਕਾਂ ਲਈ ਹਾਜ਼ਰੀਆਂ ਵੀ ਇੱਕ ਆਧਾਰ ਹਨ। ਹਰ ਇੱਕ ਵਿਦਿਆਰਥੀ ਨੂੰ ਹਰ ਵਿਸ਼ੇ ਵਿੱਚੋਂ ਘੱਟੋ-ਘੱਟ 75% ਹਾਜ਼ਰੀਆਂ ਅਤੇ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ। ਇੰਟਰਨਲ ਅਸੈਸਮੈਂਟ ਸੰਬੰਧੀ ਸੰਬੰਧਿਤ ਵਿਭਾਗ ਵਿੱਚੋਂ ਵਿਸਤ੍ਰਿਤ ਜਾਣਕਾਰੀ ਹਾਸਲ ਕਰਨਾ ਵਿਦਿਆਰਥੀ ਦੀ ਨਿੱਜੀ ਜਿੰਮੇਵਾਰੀ ਹੈ।

### ਕਾਲਜ ਛੱਡਣ ਸੰਬੰਧੀ ਨਿਯਮ

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਲਿਖਤੀ ਰੂਪ ਵਿੱਚ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਕਾਲਜ ਵੱਲੋਂ ਰਸਮੀ ਤੌਰ ਤੇ ਕੱਟਿਆ ਨਹੀਂ ਜਾਂਦਾ, ਉਸ ਨੂੰ ਕਾਲਜ ਦੇ ਭਰਨਯੋਗ ਖਰਚੇ ਤੇ ਜੁਰਮਾਨਾ, ਜੋ ਉਸ ਵੱਲ ਨਿਕਲਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜੁਰਮਾਨੇ ਦੇ ਬਕਾਏ ਜਾਂ ਲਾਇਬ੍ਰੇਰੀ ਦੀਆਂ ਪੁਸਤਕਾਂ ਬਕਾਇਆ ਹੋਣ, ਉਨ੍ਹਾਂ ਨੂੰ ਕਾਲਜ ਛੱਡਣ ਦਾ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਢੁੱਕਵੀਂ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਅਜਿਹੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਜਾਰੀ ਆਈ.ਡੀ. ਕਾਰਡ ਵੀ ਲਾਇਬ੍ਰੇਰੀ ਵਿਖੇ ਜਮ੍ਹਾ ਕਰਵਾਉਣਾ ਲਾਜ਼ਮੀ ਹੈ।

## 10) ਇੰਟਰਨਲ ਅਸੈਸਮੈਂਟ/ਐਮ.ਐਸ.ਟੀ.

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਕਾਲਜ ਵਿੱਚ ਚੱਲ ਰਹੇ ਸਾਰੇ ਕੋਰਸਾਂ ਦੇ ਵਿਦਿਆਰਥੀਆਂ ਲਈ :

1. ਇੰਟਰਨਲਅਸੈਸਮੈਂਟ ਦੇਣ ਦੇ ਮੰਤਵ ਨਾਲ ਐਮ.ਐਸ.ਟੀ M.S.T. (ਮਿਡ ਸਮੈਸਟਰ ਟੈਸਟ) ਵਿੱਚ ਅਪੀਅਰ ਹੋਣਾ ਲਾਜ਼ਮੀ ਹੈ। ਇਹ ਐਮ.ਐਸ.ਟੀ ਹਰੇਕ ਸਮੈਸਟਰ ਵਿੱਚ ਦੋ ਵਾਰ ਲਏ ਜਾਣਗੇ। ਇਹਨਾਂ ਦੋ ਟੈਸਟਾਂ ਵਿੱਚੋਂ ਜ਼ਿਆਦਾ ਨੰਬਰ ਵਾਲੇ ਟੈਸਟ ਨੂੰ ਅਸੈਸਮੈਂਟ ਲਈ ਗਿਣਿਆ ਜਾਏਗਾ।
2. ਇਸ ਤੋਂ ਇਲਾਵਾ ਹਰੇਕ ਸਮੈਸਟਰ ਵਿੱਚ ਵਿਸ਼ੇ ਮੁਤਾਬਕ ਅਸਾਈਨਮੈਂਟ, ਪ੍ਰੋਜੈਕਟ ਵਰਕ ਜਾਂ ਫੀਲਡ ਵਰਕ ਵੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

## 11) ਮਹਾਰਾਜਾ ਹੀਰਾ ਸਿੰਘ ਲਾਇਬ੍ਰੇਰੀ

ਕਾਲਜ ਦੀ ਲਾਇਬ੍ਰੇਰੀ ਗਿਆਨ ਦਾ ਵੱਡਾ ਖਜ਼ਾਨਾ ਹੈ। ਲਾਇਬ੍ਰੇਰੀ ਵਿਖੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ 57,266 ਪੁਸਤਕਾਂ ਹਨ ਜੋ ਕਿ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮਰਥ ਹੈ। ਲਾਇਬ੍ਰੇਰੀ ਦੀਆਂ ਸਾਰੀਆਂ ਪੁਸਤਕਾਂ ਦੀ ਜਾਣਕਾਰੀ E-granthalaya 4.0 Library Software ਤੇ upload ਕਰ ਦਿੱਤੀ ਗਈ ਹੈ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ Web OPAC ਰਾਹੀਂ ਕਿਸੇ ਵੀ ਜਗ੍ਹਾ ਮੋਬਾਇਲ ਜਾਂ ਲੈਪਟਾਪ/ ਪੀ.ਸੀ. ਰਾਹੀਂ search ਕਰ ਸਕਦੇ ਹਨ।

ਲਾਇਬ੍ਰੇਰੀ ਦੇ ਰੀਡਿੰਗ ਹਾਲ ਵਿੱਚ ਵਿਦਿਆਰਥੀਆਂ ਅਤੇ ਸਟਾਫ ਲਈ 11 ਅਖਬਾਰ ਅਤੇ 19 ਰਸਾਲੇ ਮੰਗਵਾਏ ਜਾਂਦੇ ਹਨ।

ਲੋੜਵੰਦ ਵਿਦਿਆਰਥੀਆਂ ਲਈ ਬੁਕ ਬੈਂਕ ਦੀ ਵਿਵਸਥਾ ਵੀ ਕੀਤੀ ਗਈ ਹੈ, ਜਿਸ ਤਹਿਤ ਵਿਦਿਆਰਥੀ ਪੂਰੇ ਸੈਸ਼ਨ ਲਈ ਪੁਸਤਕਾਂ ਲੈ ਸਕਦੇ ਹਨ।

ਲਾਇਬ੍ਰੇਰੀ ਵਿੱਖੇ ਵਿਦਿਆਰਥੀਆਂ ਅਤੇ ਸਟਾਫ ਲਈ ONOS (One nation one subscription ) ਰਾਹੀਂ 13000 + Journals ns/ N-List ਰਾਹੀਂ 6,000 + journals, 1,99,500 + ebooks N-LIST ਵੀ subscribe ਕੀਤੇ ਜਾਂਦੇ ਹਨ, ਜਿਹਨਾਂ ਨੂੰ ਕਾਲਜ ਲਾਇਬ੍ਰੇਰੀ ਵਿੱਚ ਬਣਾਏ ਗਏ e-resource Center ਵਿਖੇ ਪਏ ਕੰਪਿਊਟਰਾਂ ਰਾਹੀਂ search ਕੀਤਾ ਜਾ ਸਕਦਾ ਹੈ।

### ਸ਼ਨਾਖਤੀ-ਕਮ-ਲਾਇਬ੍ਰੇਰੀ ਕਾਰਡ

ਦਾਖਲੇ ਉਪਰੰਤ ਹਰ ਵਿਦਿਆਰਥੀ ਨੂੰ ਇਕ ਸ਼ਨਾਖਤੀ-ਕਮ-ਲਾਇਬ੍ਰੇਰੀ ਕਾਰਡ ਕਾਲਜ ਵੱਲੋਂ ਦਿੱਤਾ ਜਾਵੇਗਾ। ਇਹ **ਸ਼ਨਾਖਤੀ ਕਾਰਡ ਵਿਦਿਆਰਥੀ ਨੂੰ ਹਰ ਸਮੇਂ ਆਪਣੇ ਪਾਸ ਰੱਖਣਾ ਜਰੂਰੀ ਹੈ। ਕਿਸੇ ਵੀ ਕਾਲਜ ਅਧਿਕਾਰੀ ਦੁਆਰਾ ਮੰਗੇ ਜਾਣ ਉਤੇ ਇਹ ਕਾਰਡ ਦਿਖਾਉਣਾ ਪਵੇਗਾ।** ਕਾਲਜ ਵਿੱਚ ਵਿਦਿਆਰਥੀ ਪਾਸ ਸ਼ਨਾਖਤੀ ਕਾਰਡ ਦਾ ਨਾ ਹੋਣਾ ਅਨੁਸ਼ਾਸ਼ਨ ਭੰਗ ਕਰਨ ਦੀ ਕਾਰਵਾਈ ਮੰਨਿਆ ਜਾਵੇਗਾ। ਸ਼ਨਾਖਤੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। **ਸੈਸ਼ਨ ਦੇ ਖਤਮ ਹੋਣ ਨਾਲ ਸ਼ਨਾਖਤੀ ਕਾਰਡ ਰੱਦ ਸਮਝਿਆ ਜਾਵੇਗਾ।**

ਸ਼ਨਾਖਤੀ ਕਾਰਡ ਦੇ ਗੁੰਮ/ਖਰਾਬ ਹੋਣ ਤੇ F.I.R. (First Information Report) ਦਰਜ ਹੋਣ ਉਪਰੰਤ ਦੁਬਾਰਾ ਜਾਰੀ ਕਰਨ ਲਈ ਉਸ ਨੂੰ ਬਣਦੀ ਫੀਸ ਭਰਨੀ ਪਵੇਗੀ। ਡੁਪਲੀਕੇਟ ਸ਼ਨਾਖਤੀ ਕਾਰਡ ਸੰਬੰਧੀ ਕੋਈ ਸ਼ਾਜਿਸ਼ ਜਾਂ ਧੋਖੇਬਾਜੀ ਲਈ ਜੁੰਮੇਵਾਰ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।

## 12) ਸਹਿ-ਵਿਦਿਅਕ ਗਤੀਵਿਧੀਆਂ

ਵਿਦਿਆਰਥੀ ਆਪਣੀ ਰੁਚੀ ਅਨੁਸਾਰ ਜਿਸ ਕਿਸੇ ਸਰਗਰਮੀ ਵਿੱਚ ਹਿੱਸਾ ਲੈਣਾ ਚਾਹੁੰਦਾ ਹੋਵੇ ਤਾਂ ਉਹ ਦਾਖਲਾ ਲੈਣ ਉਪਰੰਤ ਸੰਬੰਧਤ ਇੰਚਾਰਜ਼-ਪ੍ਰੋਫੈਸਰ ਸਾਹਿਬ ਨਾਲ ਸੰਪਰਕ ਕਰ ਸਦਕਾ ਹੈ।

### ੳ) ਰਾਸ਼ਟਰੀ ਕੈਡਿਟ ਕੋਰ (National Cadet Corps)

ਕਾਲਜ ਵਿੱਚ ਰਾਸ਼ਟਰੀ ਕੈਡਿਟ ਕੋਰ ਆਰਮੀ ਵਿੰਗ ਦੀ ਇੱਕ ਕੰਪਨੀ ਕੰਮ ਕਰ ਰਹੀ ਹੈ। ਇਸ ਵਿੱਚ ਲੜਕੇ ਅਤੇ ਲੜਕੀਆਂ ਫ਼ੌਜੀ ਸਿਖਲਾਈ ਹਾਸਲ ਕਰਦੇ ਹਨ।

### ਅ) ਰਾਸ਼ਟਰੀ ਸੇਵਾ ਯੋਜਨਾ (National Service Scheme)

ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ 2 ਯੂਨਿਟ ਵੀ ਕਾਲਜ ਵਿੱਚ ਚਲ ਰਹੇ ਹਨ।

### ੲ) ਖੇਡਾਂ (Sports)

ਕਾਲਜ ਦੇ ਕੈਂਪਸ ਵਿੱਚ ਖੇਡਾਂ ਦਾ ਉੱਤਮ ਪ੍ਰਬੰਧ ਹੈ। ਪੰਜਾਬੀ ਯੂਨੀਵਰਸਿਟੀ ਦੇ ਲਗਭਗ ਸਾਰੇ ਖੇਡ ਮੁਕਾਬਲਿਆਂ ਵਿੱਚ ਕਾਲਜ ਦੀਆਂ ਟੀਮਾਂ ਬੜੇ ਉਤਸ਼ਾਹ ਨਾਲ ਭਾਗ ਲੈਂਦੀਆਂ ਹਨ। ਕਾਲਜ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਹੀ ਵਿਦਿਆਰਥੀਆਂ (ਲੜਕੀਆਂ ਸਮੇਤ) ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਹਰ ਪ੍ਰਕਾਰ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਖੁੱਲੇ ਸ਼ਾਨਦਾਰ ਸਟੇਡੀਅਮ ਤੋਂ ਇਲਾਵਾ ਜਿਮਨੇਜ਼ੀਅਮ, ਬਾਕਸਿੰਗ ਰਿੰਗ ਆਦਿ ਦਾ ਯੋਗ ਪ੍ਰਬੰਧ ਹੈ।

### ਸ) ਸੱਭਿਆਚਾਰਕ ਸਰਗਰਮੀਆਂ (Cultural Activities)

ਵਿਦਿਆਰਥੀਆਂ ਦੇ ਵਿਅਕਤੀਤਵ ਅਤੇ ਸਮੂਹਿਕ ਵਿਕਾਸ ਲਈ ਉਨ੍ਹਾਂ ਨੂੰ ਸੇਧ ਦੇਣ ਅਤੇ ਸਭਿਆਚਾਰਕ, ਕਲਾਤਮਕ ਅਤੇ ਹੋਰ ਸਾਹਸੀ ਰੁਚੀਆਂ ਨੂੰ ਜਾਗ੍ਰਿਤ ਕਰਨ ਅਤੇ ਸੰਬੰਧਤ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨ ਵਾਸਤੇ ਕਾਲਜ ਵਿੱਚ ਪੰਜਾਬ ਯੁਵਕ ਸੇਵਾਵਾਂ ਵਿਭਾਗ ਵੱਲੋਂ ਪ੍ਰਵਾਨਿਤ ਇੱਕ 'ਯੂਥ ਕਲੱਬ' ਸਥਾਪਿਤ ਹੈ। ਇਸ ਦੁਆਰਾ ਯੁਵਕ ਮੇਲੇ, ਕੈਂਪਸ ਪ੍ਰਦਰਸ਼ਨੀਆਂ, ਹਾਈਕਿੰਗ ਅਤੇ ਅੰਤਰ-ਰਾਜੀ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

### ਹ) ਵਿਦਿਆਰਥੀ ਸਭਾਵਾਂ (Student Societies)

ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਇਲਾਵਾ ਸਹਿ-ਵਿੱਦਿਅਕ ਸਰਗਰਮੀਆਂ ਲਈ ਵੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਕਾਲਜ ਦੇ ਲੱਗਭੱਗ ਸਾਰੇ ਵਿਭਾਗਾਂ ਵਿੱਚ ਵਿਭਾਗੀ ਸਭਾਵਾਂ ਸਥਾਪਿਤ ਕੀਤੀਆਂ ਜਾਂਦੀਆਂ ਹਨ।

## 13) ਕਾਲਜ ਪ੍ਰਕਾਸ਼ਨ

**'ਲਿੱਲੀ'** ਸਾਡੇ ਕਾਲਜ ਦਾ ਸਾਹਿਤਕ ਮੈਗਜ਼ੀਨ ਹੈ, ਜਿਸ ਰਾਹੀਂ ਵਿਦਿਆਰਥੀ ਤੇ ਅਧਿਆਪਕ ਆਪਣੀਆਂ ਸਾਹਿਤਕ ਰਚਨਾਵਾਂ ਨੂੰ ਪ੍ਰਸਤੁਤ ਕਰਦੇ ਹਨ। ਇਸ ਤੋਂ ਇਲਾਵਾ ਹਰ ਸਾਲ ਕਾਲਜ ਦੀਆਂ ਪ੍ਰਾਪਤੀਆਂ ਸੰਬੰਧੀ ਵਾਰਸ਼ਿਕ ਰਿਪੋਰਟ ਵੀ ਛਪਵਾਈ ਜਾਂਦੀ ਹੈ।

## 14) ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਨਮਾਨ

### ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸੰਬੰਧੀ ਨਿਯਮ

### (Rules Regarding Roll of Honour, College Colour and Merit Certificate)

1. **ਕਿਸੇ ਵੀ ਵਿਦਅਿਰਥੀ ਨੂੰ ਰੋਲ ਆਫ ਆਨਰ, ਕਾਲਜ ਕਲਰ ਅਤੇ ਰੇਰਿਟ ਸਰਟੀਫਿਕੇਟ ਦੇਣ ਬਾਰੇ ਤਾਂ ਹੀ ਵਿਚਾਰ ਕੀਤਾ ਜਾਵੇਗਾ, ਜੇਕਰ ਉਸਦਾ ਆਚਰਣ ਬਿਲਕੁਲ ਠੀਕ ਹੋਵੇਗਾ।**
2. **ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕਰਨ ਸੰਬੰਧੀ ਬਣਾਏ ਗਏ ਨਿਯਮਾਂ ਵਿੱਚ ਅਦਲਾ-ਬਦਲੀ ਦਾ ਅਧਿਕਾਰ ਕੇਵਲ ਪ੍ਰਿੰਸੀਪਲ ਨੂੰ ਹੋਵੇਗਾ।**
3. **ਉੱਘੀ ਪ੍ਰਾਪਤੀ ਵਾਲੇ ਅਜਿਹੇ ਕੇਸਾਂ ਤੇ ਜਿਹੜੇ ਕਿ ਇਨ੍ਹਾਂ ਨਿਯਮਾਂ ਵਿੱਚ ਬਿਆਨ ਨਹੀਂ ਕੀਤੇ ਗਏ, ਪ੍ਰਿੰਸੀਪਲ ਵੱਲੋਂ ਵਿਜਾਰ ਕੀਤਾ ਜਾਵੇਗਾ ਅਤੇ ਪ੍ਰਿੰਸੀਪਲ ਵੱਲੋਂ ਕੀਤਾ ਗਿਆ ਫੈਸਲਾ ਪ੍ਰਵਾਨ ਕੀਤਾ ਜਾਵੇਗਾ।**

   **ਕਾਲਜ ਵੱਲੋਂ ਨਿਮਨਲਿਖਿਤ ਖੇਤਰਾਂ ਵਿੱਚ ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ।**

# ਅਕਾਦਮਿਕ (ACADEMIC)

**1) ਰੋਲ ਆਫ ਆਨਰ (ROLL OF HONOUR)**

ਇਹ ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਦੀ ਫਾਈਨਲ ਕਲਾਸ ਨੂੰ ਪ੍ਰਦਾਨ ਕੀਤਾ ਜਾਵੇਗਾ।

ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚੋਂ ਪਹਿਲੇ ਯਤਨ ਨਾਲ/ਰੀਵੈਲੂਏਸ਼ਨ ਰਾਹੀਂ ਪੰਜਾਬੀ ਯੂਨੀਵਰਸਿਟੀ ਵੱਲੋਂ ਜ਼ਾਰੀ ਕੀਤੀ ਮੈਰਿਟ ਲਿਸਟ ਵਿੱਚੋਂ ਪਹਿਲੀਆਂ 10 ਪੁਜੀਸ਼ਨਾਂ ਵਿੱਚ ਸਥਾਨ ਹਾਸਿਲ ਕੀਤਾ ਹੋਵੇ।

**2) ਕਾਲਜ ਕਲਰ (COLLEGE COLOUR)**

ਕਾਲਜ ਕਲਰ ਕਾਲਜ ਵਿੱਚ ਪੜ੍ਹਾਈਆਂ ਜਾਣ ਵਾਲੀਆਂ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

ਕਾਲਜ ਕਲਰ ਉਸ ਨੂੰ ਦਿੱਤਾ ਜਾਵੇਗਾ, ਜਿਸ ਨੇ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ ਜਾਂ ਕਾਲਜ ਵਿੱਚੋਂ ਫਸਟ ਡਵੀਜ਼ਨ ਨਾਲ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਵੀ ਕਾਲਜ ਕਲਰ ਦਿੱਤਾ ਜਾਵੇਗਾ।

**2) ਮੈਰਿਟ ਸਰਟੀਫਿਕੇਟ (MERIT CERTIFICATE)**

ਮੈਰਿਟ ਸਰਟੀਫਿਕੇਟ ਕਾਲਜ ਵਿੱਚ ਪੜ੍ਹਾਈਆਂ ਜਾਣ ਵਾਲੀਆਂ ਸਾਰੀਆਂ ਕਲਾਸਾਂ ਨੂੰ ਪ੍ਰਦਾਨ ਕੀਤਾ ਜਾਵੇਗਾ।

ਮੈਰਿਟ ਸਰਟੀਫਿਕੇਟ ਉਸ ਨੂੰ ਦਿੱਤਾ ਜਾਵੇਗਾ, ਜਿਹੜਾ ਕਾਲਜ ਵਿੱਚੋਂ ਫਸਟ ਡਵੀਜ਼ਨ ਨਾਲ ਦੂਜੇ ਜਾਂ ਤੀਜੇ ਸਥਾਨ ਤੇ ਰਿਹਾ ਹੋਵੇ।

# ਸਪੋਰਟਸ (SPORTS)

ਨੋਟ :- ਕੇਵਲ ਉਨ੍ਹਾਂ ਖੇਡ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ, ਜਿਹੜੇ ਪੰਜਾਬੀ ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹੋਣਗੇ।

**1) ਰੋਲ ਆਫ ਆਨਰ (ROLL OF HONOUR)**

ਇੰਟਰਨੈਸ਼ਨਲ ਪੱਧਰ 'ਤੇ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਵਜੋਂ ਜਾਂ ਵਿਅਕਤੀਗਤ ਖਿਡਾਰੀ ਦੇ ਤੌਰ ਤੇ ਭਾਗ ਲਿਆ ਹੋਵੇ ਜਾਂ

ਨੈਸ਼ਨਲ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ (ਵਿਅਕਤੀਗਤ ਤੌਰ 'ਤੇ ਜਾਂ ਟੀਮ 'ਚ ਮੈਂਬਰ ਵਜੋਂ) ਪਹਿਲੀ ਜਾਂ ਦੂਜੀ ਪੁਜੀਸ਼ਨ ਲੈਣ ਵਾਲਾ ਖਿਡਾਰੀ ਜਾਂ

ਅੰਤਰ ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ 'ਤੇ ਜਾਂ ਜੇਤੂ ਟੀਮ ਦਾ ਮੈਂਬਰ/ਖਿਡਾਰੀ।

**2) ਕਾਲਜ ਕਲਰ (COLLEGE COLOUR)**

ਪੰਜਾਬ ਰਾਜ ਜਾਂ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲਾ ਖਿਡਾਰੀ ਜਾਂ

ਯੂਨੀਵਰਸਿਟੀ ਪੱਧਰ 'ਤੇ ਖੇਡਾਂ ਵਿੱਚ ਵਿਅਕਤੀਗਤ ਤੌਰ 'ਤੇ ਜਾਂ ਜੇਤੂ ਟੀਮ ਦਾ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ ਜਾਂ

ਅੰਤਰ ਯੂਨੀਵਰਸਿਟੀ ਖੇਡ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਜਾਂ

ਸਟੇਟ ਚੈਂਪੀਅਨਸ਼ਿਪ ਦੇ ਮੁਕਾਬਲਿਆਂ ਵਿੱਚ ਵਿਅਕਤਿਗਤ ਤੌਰ 'ਤੇ ਜਾਂ ਜੇਤੂ ਟੀਮ ਦੇ ਮੈਂਬਰ ਵਜੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦਾ ਮੈਂਬਰ ਅਤੇ

ਕਾਲਜ ਦਾ ਬੈਸਟ ਅਥਲੀਟ (ਲੜਕਾ ਤੇ ਲੜਕੀ)

**3) ਮੈਰਿਟ ਸਰਟੀਫਿਕੇਟ (MERIT CERTIFICATE)**

ਅੰਤਰ ਕਾਲਜ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ 'ਤੇ ਜਾਂ

ਟੀਮ ਦੇ ਮੈਂਬਰ ਵਜੋਂ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

# ਸੱਭਿਆਚਾਰਕ ਗਤੀਵਿਧੀਆਂ (CULTURAL ACTIVITIES)

**1) ਰੋਲ ਆਫ ਆਨਰ (ROLL OF HONOUR)**

ਜਿਸ ਵਿਦਿਆਰਥੀ ਨੇ ਕਿਸੇ ਵੀ ਮਾਨਤਾ ਪ੍ਰਾਪਤ ਆਲ-ਇੰਡੀਆ ਪੱਧਰ ਦੀ ਸੰਸਥਾ ਵੱਲੋਂ ਕਰਵਾਈਆਂ ਗਈਆਂ ਸੱਭਿਆਚਾਰਕ ਸਰਗਰਮੀਆਂ ਵਿੱਚੋਂ ਕਿਸੇ ਵੀ ਸਰਗਰਮੀ ਵਿਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ **ਜਾਂ**

ਰਾਸ਼ਟਰੀ ਪੱਧਰ ਅਤੇ ਅੰਤਰ-ਯੂਨੀਵਰਸਿਟੀ/ਅੰਤਰਰਾਜੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਜੇਤੂ ਟੀਮ ਦਾ ਮੈਂਬਰ।

ਕੌਮਾਂਤਰੀ ਪੱਧਰ 'ਤੇ ਪੰਜਾਬ/ਭਾਰਤ ਸਰਕਾਰ ਦੀ ਪ੍ਰਤੀਨਿਧਤਾ ਕਰਨ ਵਾਲਾ ਵਿਦਿਆਰਥੀ। **ਜਾਂ**

ਅੰਤਰ ਖੇਤਰੀ ਯੁਵਕ ਮੇਲੇ ਵਿੱਚ ਪਹਿਲੀ ਜਾਂ ਦੂਜੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਅਕਤੀਗਤ ਜਾਂ ਜੇਤੂ ਟੀਮ ਦੇ ਸਾਰੇ ਵਿਦਿਆਰਥੀ।

**2) ਕਾਲਜ ਕਲਰ (COLLEGE COLOUR)**

ਅੰਤਰ-ਕਾਲਜ ਮੁਕਾਬਲਿਆਂ ਵਿੱਚ ਵਿਕਤੀਗਤ ਤੌਰ 'ਤੇ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲਾ ਵਿਦਿਆਰਥੀ ਜਾਂ ਜੇਤੂ ਟੀਮ (ਪਹਿਲੀ ਜਾਂ ਦੂਜੀ) ਦੇ ਸਾਰੇ ਵਿਦਿਆਰਥੀ **ਜਾਂ**

ਖੇਤਰੀ ਯੁਵਕ ਮੇਲੇ ਵਿੱਚ ਪਹਿਲੀ ਜਾਂ ਦੂਜੀ ਪੁਜੀਸ਼ਨ ਪ੍ਰਾਪਤ (ਵਿਅਕਤੀਗਤ ਜਾਂ ਜੇਤੂ ਟੀਮ ਦਾ ਮੈਂਬਰ) ਕਰਨ ਵਾਲਾ ਵਿਦਿਆਰਥੀ।

**3) ਮੈਰਿਟ ਸਰਟੀਫਿਕੇਟ (MERIT CERTIFICATE)**

ਖੇਤਰੀ ਯੁਵਕ ਮੇਲੇ ਵਿੱਚ ਤੀਜੀ ਪੁਜੀਸ਼ਨ ਪ੍ਰਾਪਤ (ਵਿਅਕਤੀਗਤ ਜਾਂ ਜੇਤੂ ਟੀਮ ਦਾ ਮੈਂਬਰ) ਕਰਨ ਵਾਲਾ ਵਿਦਿਆਰਥੀ **ਜਾਂ**
ਅੰਤਰ-ਕਾਲਜ ਮੁਕਾਬਲਿਆਂ ਵਿੱਚ ਦੂਜੀ/ਤੀਜੀ ਪੁਜੀਸ਼ਨ ਹਾਸਲ ਕਰਨ ਵਾਲਾ ਵਿਦਿਆਰਥੀ।

## ਐਨ.ਸੀ.ਸੀ. (NCC)

**1) ਰੋਲ ਆਫ ਆਨਰ (ROLL OF HONOUR)**

ਗਣਤੰਤਰ ਦਿਵਸ ਰਾਸ਼ਟਰੀ ਪੱਧਰ ਦੇ ਸਮਾਗਮ ਦੀ ਪਰੇਡ ਵਿੱਚ ਹਿੱਸਾ ਲੈਣ ਵਾਲਾ ਐਨ.ਸੀ.ਸੀ. ਕੈਡਿਟ **ਜਾਂ**
ਨੈਸ਼ਨਲ ਪੱਧਰ 'ਤੇ ਐਨ.ਸੀ.ਸੀ. ਕੈਂਪਾਂ ਵਿੱਚ ਹਿੱਸਾ ਲੈਣ ਵਾਲਾ ਕੈਡਿਟ।

**2) ਕਾਲਜ ਕਲਰ (COLLEGE COLOUR)**

ਰਾਜ ਪੱਧਰ ਸਮਾਗਮ ਵਿੱਚ ਪਰੇਡ ਵਿੱਚ ਹਿੱਸਾ ਲੈਣ ਵਾਲਾ ਐਨ.ਸੀ.ਸੀ. ਕੈਡਿਟ **ਜਾਂ**
ਐਨ.ਸੀ.ਸੀ. ਯੂਨਿਟ ਦੇ ਬੈਸਟ ਕੈਡਿਟ **ਜਾਂ**
ਰਾਜ ਪੱਧਰ 'ਤੇ ਐਨ.ਸੀ.ਸੀ. ਕੈਂਪਾਂ ਵਿੱਚ ਹਿੱਸਾ ਲੈਣ ਵਾਲਾ ਐਨ.ਸੀ.ਸੀ. ਕੈਡਿਟ।

**3) ਮੈਰਿਟ ਸਰਟੀਫਿਕੇਟ (MERIT CERTIFICATE)**

ਸਲਾਨਾ ਕੈਂਪ ਵਿੱਚ ਜੋ ਕਿ ਬਟਾਲੀਅਨ ਵੱਲੋਂ ਲਾਏ ਜਾਂਦੇ ਹਨ, ਉਹਨਾਂ ਵਿੱਚ ਇਨਾਮ ਪ੍ਰਾਪਤ ਕਰਨ ਵਾਲਾ ਐਨ.ਸੀ.ਸੀ. ਕੈਡਿਟ।

## ਐਨ.ਐਸੀ.ਐਸ. (NSS)

**1) ਰੋਲ ਆਫ ਆਨਰ (ROLL OF HONOUR)**

ਵਿਦਿਆਰਥੀ ਹੇਠ ਲਿਖੀਆਂ ਕੋਈ ਦੋ ਸ਼ਰਤਾਂ ਪੂਰੀਆਂ ਕਰਦਾ ਹੋਵੇ :
ਨੈਸ਼ਨਲ ਪੱਧਰ ਦੇ ਕੈਂਪਾਂ ਲਈ ਵਿਕਤੀਗਤ ਤੌਰ 'ਤੇ **ਜਾਂ** ਟੀਮ ਮੈਂਬਰ ਵਜੋਂ ਚੁਣਿਆ ਗਿਆ ਵਲੰਟੀਅਰ।
ਸਟੇਟ ਜਾਂ ਯੂਨੀਵਰਸਿਟੀ ਪੱਧਰ 'ਤੇ ਲਗਾਏ ਕੈਂਪਾਂ ਵਿੱਚ ਭਾਗ ਲਿਆ ਹੋਵੇ।
ਤਿੰਨ ਵਾਰ ਖੂਨਦਾਨ ਕੀਤਾ ਹੋਵੇ।

**2) ਕਾਲਜ ਕਲਰ (COLLEGE COLOUR)**

ਕਾਲਜ ਦੇ ਸੱਤ ਰੋਜਾ ਕੈਂਪ ਵਿੱਚ ਵਲੰਟੀਅਰ ਰਿਹਾ ਹੋਵੇ **ਜਾਂ**
ਦੋ ਵਾਰ ਖੂਨ ਦਾਨ ਕੀਤਾ ਹੋਵੇ।

**3) ਮੈਰਿਟ ਸਰਟੀਫਿਕੇਟ (MERIT CERTIFICATE)**

ਕਾਲਜ ਵਿੱਚ ਲਗਾਏ ਕੈਂਪਾਂ ਵਿੱਚ ਘੋਸ਼ਿਤ ਬੈਸਟ ਵਲੰਟੀਅਰ।

ਇਸ ਤੋਂ ਇਲਾਵਾ :

ਕਾਲਜ ਮੈਗਜ਼ੀਨ 'ਲਿਲੀ' ਦੇ ਵਿਦਿਆਰਥੀ ਸੰਪਾਦਕਾਂ ਨੂੰ
ਰੈਡ ਰਿਬਨ ਕਲੱਬ ਦੇ ਬੈਸਟ ਵਲੰਟੀਅਰ ਨੂੰ
ਕਲਚਰ ਕਲੱਬ ਦੇ ਬੈਸਟ ਵਲੰਟੀਅਰ ਨੂੰ
ਬੈਸਟ ਲਾਇਬ੍ਰੇਰੀ ਯੂਜ਼ਰ ਨੂੰ
ਵੀ ਇਨਾਮ ਪ੍ਰਦਾਨ ਕੀਤਾ ਜਾਂਦਾ ਹੈ।

# 15) ਕਾਲਜ ਕੈਂਪਸ ਲਈ ਜ਼ਰੂਰੀ ਨਿਯਮ :

1. ਵਿਦਿਆਰਥੀ ਟਾਈਮ ਟੇਬਲ ਅਨੁਸਾਰ ਆਪਣੀਆਂ ਕਲਾਸਾਂ ਲਗਾਉਣ, ਜੇਕਰ ਕੋਈ ਵਿਦਿਆਰਥੀ ਆਪਣਾ ਪੀਰੀਅਡ ਛੱਡ ਕੇ ਬਾਹਰ ਘੁੰਮਦਾ ਫੜਿਆ ਗਿਆ ਤਾਂ ਉਸ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
2. ਪ੍ਰਿੰਸੀਪਲ ਦੀ ਅਗੇਤ ਆਗਿਆ ਪ੍ਰਾਪਤ ਕੀਤੇ ਬਿਨ੍ਹਾਂ ਕੋਈ ਵੀ ਮੀਟਿੰਗ ਕਾਲਜ ਦੇ ਕੈਂਪਸ ਵਿੱਚ ਨਹੀਂ ਕੀਤੀ ਜਾ ਸਕਦੀ।
3. ਕਾਲਜ ਦੇ ਹਰ ਵਿਦਿਆਰਥੀ ਦਾ ਫਰਜ਼ ਹੈ ਕਿ ਉਹ ਕਾਲਜ ਵੱਲੋਂ ਨਿਸ਼ਚਿਤ ਅਨੁਸ਼ਾਸਨੀ ਮਾਪਦੰਡਾਂ ਦੀ ਪਾਲਣਾ ਕਰੇ। ਅਨੁਸ਼ਾਸਨ ਭੰਗ ਕਰਨ ਵਾਲਿਆਂ ਦਾ ਮਾਮਲਾ ਕਮੇਟੀ ਵਿਚਾਰੇਗੀ। ਉਨ੍ਹਾਂ ਦੀ ਸਿਫਾਰਿਸ਼ ਤੇ ਹੀ ਅਗਲੇਰੀ ਕਾਰਵਾਈ ਹੋਵੇਗੀ।
4. ਲੋਹੇ ਦੇ ਗੇਟ ਤੋਂ ਅੱਗੇ ਸਾਈਕਲ, ਸਕੂਟਰ, ਮੋਟਰ ਸਾਈਕਲ ਆਦਿ ਲੈ ਕੇ ਜਾਣਾ ਮਨ੍ਹਾ ਹੈ। ਇਨ੍ਹਾਂ ਨੂੰ ਨਿਸ਼ਚਿਤ ਸਥਾਨ ਤੇ ਹੀ ਖੜ੍ਹਾ ਕੀਤਾ ਜਾਵੇ। ਵਿਦਿਆਰਥੀਆਂ ਲਈ ਕਾਲਜ ਵਿੱਚ ਕਾਰ-ਪਾਰਕਿੰਗ ਦੀ ਸੁਵਿਧਾ ਨਹੀਂ ਹੈ।
5. ਜੇਕਰ ਕਿਸੇ ਵਿਦਿਆਰਥੀ ਦਾ ਨਾਂ ਕਾਲਜ-ਰੋਲ ਤੋਂ ਕਿਸੇ ਕਾਰਨ ਕੱਟ ਦਿੱਤਾ ਜਾਂਦਾ ਹੈ ਤਾਂ ਉਸਦਾ ਦੁਬਾਰਾ ਦਾਖ਼ਲਾ ਪ੍ਰਿੰਸੀਪਲ ਦੀ ਮਨਜ਼ੂਰੀ ਅਤੇ ਨਿਰਧਾਰਤ ਦਾਖ਼ਲਾ ਫ਼ੀਸ ਜਮ੍ਹਾਂ ਕਰਕੇ ਹੀ ਹੋਵੇਗਾ।

6. ਧੋਖਾਧੜੀ, ਰਿਸ਼ਵਤ ਦੇਣਾ, ਜੂਆ ਖੇਡਣਾ, ਇਮਤਿਹਾਨਾਂ ਅਤੇ ਪ੍ਰੀਖਿਆਵਾਂ ਵਿੱਚ ਨਕਲ ਕਰਨਾ, ਝੂਠੀ ਘੋਸ਼ਣਾ ਕਰਨਾ, ਅਫਵਾਹਾਂ ਫੈਲਾਉਣਾ, ਕੈਂਪਸ ਵਿੱਚ ਕਿਸੇ ਵੀ ਕਿਸਮ ਦੇ ਅਣਅਧਿਕਾਰਿਤ ਨੋਟਿਸਾਂ ਨੂੰ ਛਾਪਣਾ ਜਾ ਵੰਡਣਾ/ਪ੍ਰਦਰਸ਼ਿਤ ਕਰਨਾ ਵਰਗੀਆਂ ਗਲਤ ਕਾਰਵਾਈਆਂ ਸਜ਼ਾਯੋਗ ਹਨ।

7. ਅਤਿ ਜ਼ਰੂਰੀ : ਗੈਰ ਵਿਦਿਆਰਥੀਆਂ ਦਾ ਕਾਲਜ ਵਿੱਚ ਪ੍ਰਵੇਸ਼ ਵਰਜਿਤ ਹੈ। ਵਿਦਿਆਰਥੀ ਆਪਣੇ ਕਿਸੇ ਵੀ ਰਿਸ਼ਤੇਦਾਰ ਜਾਂ ਦੋਸਤ/ਮਿੱਤਰ ਨੂੰ ਘੁੰਮਣ ਫਿਰਨ ਲਈ ਕਾਲਜ ਵਿੱਚ ਨਾ ਲੈ ਕੇ ਆਉਣ। ਬਾਹਰੀ ਅਨਸਰਾਂ ਤੇ ਕਾਨੂੰਨੀ ਕਾਰਵਾਈ ਅਤੇ ਸੰਬੰਧਿਤ ਵਿਦਿਆਰਥੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

8. ਵਿਦਿਆਰਥੀ ਦੇ ਹਿੱਤਾਂ ਅਤੇ ਸੰਸਥਾ ਦੇ ਵਿਕਾਸ ਲਈ ਕਾਲਜ ਦੀ ਮਾਪੇ / ਅਧਿਆਪਕ ਐਸੋਸੀਏਸ਼ਨ ਦੀਆਂ ਸਰਕਾਰੀ ਹਦਾਇਤਾਂ / ਸੰਵਿਧਾਨ ਨਾਲ ਸਹਿਮਤੀ ਪ੍ਰਗਟ ਕਰਨੀ ਹਰ ਵਿਦਿਆਰਥੀ ਲਈ ਅਤਿ ਜ਼ਰੂਰੀ ਹੈ। ਵਿਦਿਆਰਥੀਆਂ ਦੇ ਮਾਪਿਆਂ / ਸਰਪ੍ਰਸਤਾਂ ਦੇ ਚੰਗੇ ਸੁਝਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

9. ਵਿਦਿਆਰਥੀ ਦੇ ਆਪਣੇ ਹਿੱਤ ਵਿੱਚ ਹੈ ਕਿ ਉਹ ਕਾਲਜ ਕੈਂਪਸ ਵਿੱਚ ਹਰ ਪੱਖੋਂ ਅਨੁਸ਼ਾਸਨ ਕਾਇਮ ਰੱਖਣ। ਕੈਂਪਸ ਵਿੱਚ ਲੱਗੇ ਫੁੱਲ ਬੂਟਿਆਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਉਣ ਅਤੇ ਕਾਲਜ ਦੀ ਇਮਾਰਤ/ਫ਼ਰਨੀਚਰ/ਬਿਜਲੀ ਫਿਟਿੰਗ ਤੇ ਪੱਖਿਆਂ ਨੂੰ ਕਿਸੇ ਢੰਗ ਨਾਲ ਖਰਾਬ ਨਾ ਕਰਨ। ਕਿਸੇ ਤਰ੍ਹਾਂ ਦੀ ਟੁੱਟ ਭੱਜ ਦੀ ਭਰਪਾਈ ਦੋਸ਼ੀ ਵਿਦਿਆਰਥੀ ਤੋਂ ਕੀਤੀ ਜਾਵੇਗੀ। ਵਿਦਿਆਰਥੀ ਕਾਲਜ ਦੀਆਂ ਦੀਵਾਰਾਂ/ਫ਼ਰਨੀਚਰ/ਬਲੈਕ ਬੋਰਡਾਂ ਤੇ ਇਤਰਾਜ ਯੋਗ ਸ਼ਬਦ ਨਾਂ ਲਿਖਣ ਅਤੇ ਕੋਈ ਵੀ ਪੋਸਟਰ ਨਾ ਲਗਾਉਣ। ਕਾਲਜ ਦੀ ਕੰਟੀਨ ਵਿੱਚ ਉੱਚਿਤ ਢੰਗ ਨਾਲ ਬੈਠਨ। ਕਾਲਜ ਕੈਂਪਸ ਵਿੱਚ ਕਿਸੇ ਵੀ ਪ੍ਰਕਾਰ ਦੇ ਲੜਾਈ/ਝਗੜੇ ਤੋਂ ਗੁਰੇਜ਼ ਕਰਨ।

10. ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਾਲਜ ਵਿੱਚ ਰੈਗਿੰਗ ਦੀ ਸਖ਼ਤ ਮਨਾਹੀ ਹੈ।

11. ਕਾਲਜ ਵਿੱਚ ਕਿਸੇ ਵੀ ਵਿਦਿਆਰਥੀ ਵੱਲੋਂ ਕਿਸੇ ਵੀ ਕਿਸਮ ਦੇ ਹਥਿਆਰ ਲੈ ਕੇ ਆਉਣ ਤੇ ਪਾਬੰਦੀ ਹੈ। ਜੇਕਰ ਕਿਸੇ ਵੀ ਵਿਦਿਆਰਥੀ ਤੋਂ ਕਾਲਜ ਕੈਂਪਸ ਅੰਦਰ ਕੋਈ ਹਥਿਆਰ ਬਰਾਮਦ ਹੁੰਦਾ ਹੈ ਤਾਂ ਇਸ ਸੰਬੰਧੀ ਬਣਦੀ ਪੁਲਿਸ ਕਾਰਵਾਈ ਕੀਤੀ ਜਾਵੇਗੀ ਅਤੇ ਕਾਲਜ ਵਿੱਚੋਂ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

12. ਕਾਲਜ ਵਿੱਚ ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ ਦੀ ਮਨਾਹੀ ਹੈ।

13. ਪੂਰਾ ਕੈਂਪਸ ਸੀ.ਸੀ.ਟੀ.ਵੀ. ਕੈਮਰਿਆਂ ਦੀ ਨਿਗਰਾਨੀ ਹੇਠ ਹੈ। ਵਿਦਿਆਰਥੀਆਂ ਨੂੰ ਕਾਲਜ ਵਿੱਚ ਚੰਗਾ ਵਿਵਹਾਰ ਕਰਨਾ ਚਾਹਿਦਾ ਹੈ।

14. ਵਿਦਿਆਰਥੀ ਕਿਸੇ ਵੀ ਖ਼ਾਲੀ ਪੀਰੀਅਡ ਵਿੱਚ ਘੁੰਮਣ ਦੀ ਬਜਾਏ ਲਾਇਬ੍ਰੇਰੀ ਜਾਂ ਕਾਮਨ ਰੂਮ ਵਿੱਚ ਬੈਠਣ। ਆਪਣੇ ਪਹਿਰਾਵੇ ਅਤੇ ਵਿਵਹਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੇ ਅਨੁਸਾਰ ਰੱਖਣ।

## ਜ਼ਰੂਰੀ ਨੋਟ :

1. ਇਸ ਪ੍ਰਾਸਪੈਕਟਸ ਵਿੱਚ ਬਿਨ੍ਹਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਦੁਆਰਾ ਸ਼ੈਸ਼ਨ ਦੌਰਾਨ ਕਾਲਜ ਦੇ ਨਿਯਮਾਂ ਵਿੱਚ ਲੋੜ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕੀਤੀ ਜਾ ਸਕਦੀ ਹੈ।

2. ਦਾਖ਼ਲੇ ਅਤੇ ਹੋਰ ਨਿਯਮਾਂ ਸੰਬੰਧੀ ਕੋਈ ਵੀ ਤਬਦੀਲੀ ਪ੍ਰਿੰਸੀਪਲ ਦੁਆਰਾ ਕੀਤੀ ਜਾ ਸਕਦੀ ਹੈ, ਜਿਸ ਬਾਰੇ ਵਿਦਿਆਰਥੀਆਂ ਨੂੰ ਕਾਲਜ ਦੇ ਡਿਜਿਟਲ ਨੋਟਿਸ ਬੋਰਡ ਅਤੇ Website (www.govtripudamancollegenabha.in) ਉੱਤੇ ਸਮੇਂ-ਸਮੇਂ ਤੇ ਲਗਾਏ ਨੋਟਿਸਾਂ ਰਾਹੀਂ ਸੂਚਿਤ ਕੀਤਾ ਜਾਵੇਗਾ।

3. ਉਮੀਦਵਾਰ ਦਾਖ਼ਲਾ ਫਾਰਮ Online ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਵਿੱਚ ਦਰਸਾਏ ਦਾਖ਼ਲੇ ਸੰਬੰਧੀ ਅਤੇ ਹੋਰ ਨਿਯਮ ਧਿਆਨ ਨਾਲ ਪੜ੍ਹ ਲੈਣ। ਦਾਖ਼ਲਾ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ।

4. ਸਾਰੀਆਂ ਕਲਾਸਾਂ ਵਿੱਚ ਸਮੈਸਟਰ ਪ੍ਰਣਾਲੀ ਲਾਗੂ ਹੈ, ਵਿਦਿਆਰਥੀ ਤੀਜੇ/ਪੰਜਵੇਂ ਸਮੈਸਟਰ ਦੀ ਪ੍ਰੀਖਿਆ ਦੇਣ ਦਾ ਹੱਕਦਾਰ ਤਾਂ ਹੋਵੇਗਾ ਜੇਕਰ ਉਸਨੇ ਪਿਛਲੇ ਸਮੈਸਟਰਾਂ ਦੇ 50% ਪੇਪਰ ਪਾਸ ਕੀਤੇ ਹੋਣਗੇ।

5. ਪ੍ਰਿੰਸੀਪਲ ਨੂੰ ਕਿਸੇ ਵੀ ਸਮੇਂ ਕੋਰਸ ਦੌਰਾਨ ਅਨੁਸ਼ਾਸਹੀਣਤਾ ਦੇ ਅਧਾਰ ਤੇ ਕਿਸੇ ਵੀ ਵਿਦਿਆਰਥੀ ਦਾ ਦਾਖ਼ਲਾ ਰੱਦ ਕਰਨ ਦਾ ਅਧਿਕਾਰ ਹੋਵੇਗਾ।

6. ਪ੍ਰਾਸਪੈਕਟਸ ਛੱਪਣ ਤੋਂ ਬਾਅਦ, ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਰਾਹੀਂ ਕੀਤੀਆਂ ਫੀਸਾਂ/ ਨਿਯਮਾਂ/ਵਿਸ਼ਿਆਂ ਅਤੇ ਸਿਲੇਬਸਾਂ ਸਬੰਧੀ ਸੋਧਾਂ ਲਾਗੂ ਹੋਣਗੀਆਂ ।

7. ਦਾਖਲਾ ਫਾਰਮ ਭਰਨ ਸਮੇਂ ਪ੍ਰਾਰਥੀ ਆਪਣਾ ਨਿਜੀ ਮੋਬਾਇਲ ਨੰਬਰ ਹੀ ਰਜਿਸਟਰ ਕਰੇਗਾ

**ਨੋਟ :- ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ।**

# COLLEGE ACTIVITIES



Workshop on Art and Science of Graphic design



Celebrating International Mother Language day




workshop on Stress free Carrier and Life



Industrial Trip



NCC Day Celebration : Theme Swachh Bharat Abhiyan




Self Defense Camp organised for empowering our Girls Students



Library Workshop on Use of e-resources and AI tools in Research



Talent Hunt 2024-25

# COLLEGE ACTIVITIES



Fine Arts activity by Students



Blood Donation Camp Organised by NSS



World Tuberculosis Day Observed in College



Workshop on Web Designing



Celebrating Teachers Day



Celebrating Independence Day



Women's Day Celebrations



Workshop on Cake Baking

# Excellence in Co-Curricular

## WINNERS AND ACHIVERS 2024-25



**Hasratlin** B.A.-III
General Quiz-Ist.
Roll of Honour



**Arshdeep Kaur** M.A.-I (Eco.)
General Quiz-Ist
Roll of Honour



**Anjali** B.A.III
General Quiz-Ist
Roll of Honour



**Manjinder** B.A.-III
West Inst.- Ist
College Colour



**Reetika** M.A.-I (Eng.)
Western Singing-Ist.
College Colour



**Gorkhi** B.A.-II
Western Singing-Ist.
College Colour



**Kusum** B.A.-I
Western Singing-Ist.
College Colour



**Kajal** B.A.-II
Western Singing-Ist
College Colour



**Priya** B.Com.-II
Western Singing-Ist
College Colour



**Shubhdeep** B.A.-III
Western Singing-Ist
College Colour



**Raman** B.A.-III
Western Singing-Ist
College Colour



**Rekha Rani** B.A.-II
Installation-Ist.
College Colour



**Bablu** B.A.-II
Installation-Ist
College Colour



**Hemant Kumar** B.C.A.-I
Installation-Ist
College Colour



**Akamjeet** B.A.-II
Installation-Ist.
College Colour



**Sumit Thakur** B.C.A.-I
Cartooning-Ist
College Colour

